ਕਵੀਸ਼ਰੀ ਪ੍ਰਸੰਗ

ਮਹਾਰਾਜਾ ਰਣਜੀਤ ਸਿੰਘ ਦਾ ਵਿਛੋੜਾ



ਲੇਖਕ - ਕਵੀਸ਼ਰ ਗੁਰਸੇਵਕ ਸਿੰਘ ਢਿਲੋਂ

ਤ੍ਰਿਪਤੇਰ

ਸੰਤ ਰਾਜਪਾਲ ਸਿੰਘ ਜੀ ਨੂੰ

ਦੇਵਿੰਦਰ ਸਿੰਘ [illegible]

ਭੇਟ।

੭-3-੨੦੦੮

ਕਵੀਸ਼ਰੀ ਪ੍ਰਸੰਗ

ਮਹਾਰਾਜਾ ਰਣਜੀਤ ਸਿੰਘ ਦਾ ਵਿਛੋੜਾ

ਕਵੀਸ਼ਰੀ ਪ੍ਰਸੰਗ

ਮਹਾਰਾਜਾ ਰਣਜੀਤ ਸਿੰਘ ਦਾ ਵਿਛੋੜਾ

ਲੇਖਕ :

ਕਵੀਸ਼ਰ ਗੁਰਸੇਵਕ ਸਿੰਘ ਢਿਲੋਂ

ਮੋਬਾਇਲ : 94636-60990

ਕਵੀਸ਼ਰੀ ਪ੍ਰਸੰਗ

ਮਹਾਰਾਜਾ ਰਣਜੀਤ ਸਿੰਘ ਦਾ ਵਿਛੋੜਾ

ਲੇਖਕ : ਕਵੀਸ਼ਰ ਗੁਰਸੇਵਕ ਸਿੰਘ ਢਿਲੋਂ

ਸ੍ਰੀ ਭੈਣੀ ਸਾਹਿਬ, ਲੁਧਿਆਣਾ।

ਮੋਬਾਇਲ : 94636-60990

ਪਹਿਲੀ ਵਾਰ : ਮਾਰਚ, 2015

ਕੀਮਤ : 50/- ਰੁਪਏ

ਏਸੇ ਕਲਮ ਤੋਂ :

ਕਿੱਸਾ ਪੂਰਨ ਭਗਤ

ਛਾਪਕ :

ਆਈਕੋਨ ਪ੍ਰਿੰਟਰਜ਼, ਰਾਮ ਨਗਰ, ਲੁਧਿਆਣਾ

(ਮੋ.) : 98724-04050

ਈ-ਮੇਲ: iconprinters09@yahoo.in

ਸਮਰਪਣ

ਉਹਨਾਂ ਪਾਕ ਪਵਿੱਤਰ ਰੂਹਾਂ ਨੂੰ
ਜਿੰਨਾਂ ਪੰਜਾਬ ਦੀ ਧਰਤੀ ਦੀ ਆਨ-ਸ਼ਾਨ
ਨੂੰ ਬਰਕਰਾਰ ਰੱਖਣ ਵਾਸਤੇ ਪੁਰ ਜ਼ੋਰ
ਯਤਨ ਕਰਦਿਆਂ ਆਪਣੇ ਤਨ ਦੀ
ਕੁਰਬਾਨੀ ਦਿੱਤੀ।

ਪ੍ਰਸੰਗ ਮਹਾਰਾਜਾ ਰਣਜੀਤ ਸਿੰਘ ਦਾ ਵਿਛੋੜਾ 'ਤੇ ਇੱਕ ਪੰਛੀ ਝਾਤ

ਪੰਜਾਬ ਯੋਧਿਆਂ ਅਤੇ ਸੂਰਬੀਰਾਂ ਦੀ ਧਰਤੀ ਹੈ। ਇਹ ਸਾਰਾ ਕੁੱਝ ਇਤਿਹਾਸ ਦੇ ਪੰਨੇ ਬੋਲਦੇ ਹਨ। ਉਹਨਾਂ ਹੀ ਯੋਧਿਆਂ ਵਿੱਚੋਂ ਇੱਕ ਯੋਧਾ ਤੇ ਸੂਰਬੀਰ ਮਹਾਰਾਜਾ ਰਣਜੀਤ ਸਿੰਘ, ਆਪਣੇ ਰਾਜ-ਕਾਲ ਦੌਰਾਨ, ਵਧੀਆ ਕੀਤੀ ਕਾਰਗੁਜਾਰੀ ਕਾਰਨ, ਅਮਰ-ਪਦਵੀ ਨੂੰ ਪ੍ਰਾਪਤ ਕੀਤਾ।

ਇਸੇ ਪ੍ਰਜਾਪਤੀ, ਪਰਉਪਕਾਰੀ, ਸੂਝਵਾਨ, ਨੀਤੀਵਾਨ ਅਤੇ ਬਹਾਦਰ ਜਰਨੈਲ ਦੇ ਆਖਰੀ ਪਲਾਂ ਨੂੰ ਬਿਆਨ ਕਰਦਾ ਹੈ ਕਵੀਸ਼ਰ ਗੁਰਸੇਵਕ ਸਿੰਘ ਢਿੱਲੋਂ ਦਾ ਲਿਖਿਆ ਕਵੀਸ਼ਰੀ ਪ੍ਰਸੰਗ 'ਮਹਾਰਾਜਾ ਰਣਜੀਤ ਸਿੰਘ ਦਾ ਵਿਛੋੜਾ'।

ਗੁਰਸੇਵਕ ਸਿੰਘ ਢਿੱਲੋਂ ਦੀ ਕਲਮ ਪਹਿਲਾਂ ਪੂਰਨ-ਭਗਤ ਦੇ ਕਿੱਸੇ ਨੂੰ ਜਨਮ ਦੇ ਚੁੱਕੀ ਹੈ। ਉਸ ਕਿੱਸੇ ਵਿੱਚ ਵਾਰਤਕ ਅਤੇ ਕਵਿਤਾ ਦੇ ਰੂਪ ਨਾਲ, ਨਾਲ ਚੱਲਦੇ, ਬਿਲਕੁਲ ਉਸੇ ਤਰ੍ਹਾਂ ਗੁਰਸੇਵਕ ਸਿੰਘ ਢਿੱਲੋਂ ਨੇ 'ਮਹਾਰਾਜਾ ਰਣਜੀਤ ਸਿੰਘ ਦਾ ਵਿਛੋੜਾ' ਲਿਖਣ ਵੇਲੇ, ਆਪਣੀ ਸ਼ੈਲੀ ਨੂੰ ਕਾਇਮ ਰੱਖਿਆ ਹੈ।

ਮਹਾਰਾਜਾ ਰਣਜੀਤ ਸਿੰਘ ਦੇ ਵਿਛੋੜੇ ਦੇ ਪ੍ਰਸੰਗ ਨੂੰ ਕਵੀਸ਼ਰ ਗੁਰਸੇਵਕ ਸਿੰਘ ਢਿੱਲੋਂ, ਦਸਮ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਨੂੰ 'ਬੰਦਨਾਂ' ਕਰਨ ਦੇ ਨਾਲ ਆਰੰਭ ਕਰਦਾ ਹੈ ਅਤੇ ਮਹਾਰਾਜਾ ਰਣਜੀਤ ਸਿੰਘ ਦਾ ਵਿਛੋੜਾ ਤੋਂ ਪਹਿਲਾਂ ਉਹਨਾਂ ਨੂੰ ਹੋਏ ਅਧਰੰਗ ਦੇ ਨਾਲ, ਕਵੀ ਕਿੱਸੇ ਦਾ ਬਿਆਨ ਇਸ ਤਰ੍ਹਾਂ ਸ਼ੁਰੂ ਕਰਦਾ ਹੈ।

ਮੰਦਭਾਗਾ ਪੰਜਾਬ 'ਤੇ ਸਮਾਂ ਆਇਆ,
ਐਸੀ ਘੜੀ ਕੁਲੱਛਣੀ ਆਈ ਭਾਈ।
ਪੰਜ-ਆਬਾਂ ਦੀ ਧਰਤ ਪੰਜਾਬ ਦੀ ਜੋ,

ਰੋ-ਰੋ ਦੇਂਵਦੀ ਪਈ ਦੁਹਾਈ ਭਾਈ ।
ਦਰਦੇ-ਦਿਲ ਦਾ ਹਾਲ ਹਾਂ ਕਹਿਣ ਲੱਗਾ,
ਰੋਂਦੀ ਕਲਮ ਤੇ ਮਨ ਆਵਾਜ਼ਾਰ ਹੋਇਆ ।
ਮੰਦੇ ਭਾਗ ਪੰਜਾਬ ਦੇ ਆਏ ਨੇੜੇ,
ਮਹਾਰਾਜਾ ਰਣਜੀਤ ਬਿਮਾਰ ਹੋਇਆ ।

ਜਿੱਥੇ ਕਵੀਸ਼ਰ ਗੁਰਸੇਵਕ ਸਿੰਘ ਢਿੱਲੋਂ, ਮਹਾਰਾਜਾ ਰਣਜੀਤ ਸਿੰਘ ਦੇ ਸਰੀਰ 'ਤੇ ਆਏ ਸੰਕਟ ਦਾ ਬਿਆਨ ਬਾਖ਼ੂਬੀ ਨਾਲ ਕਰਦਾ ਹੈ, ਉਥੇ ਆਪਣੇ ਪ੍ਰਸੰਗ ਵਿੱਚ ਕਵੀਸ਼ਰ ਨੇ ਮਹਾਰਾਜ ਰਣਜੀਤ ਸਿੰਘ ਦੀ ਜ਼ਿੰਦਗੀ ਬਾਰੇ ਵੀ ਸੰਖੇਪ ਵਿੱਚ ਬਿਆਨ ਕੀਤਾ ਹੈ । ਲੇਖਕ, ਮਹਾਰਾਜਾ ਰਣਜੀਤ ਸਿੰਘ ਵੱਲੋਂ, ਸਿੱਖ ਕੌਮ ਨੂੰ ਅੰਤਿਮ ਸਮੇਂ ਦਿੱਤੇ ਗਏ ਉਪਦੇਸ਼ਾਂ ਨੂੰ ਵਧੀਆ ਢੰਗ ਨਾਲ ਕਾਵਿ ਬੱਧ ਕਰਦਾ ਹੈ । ਇੱਕ ਉਦਾਹਰਣ :-

ਕੱਠੇ ਕਰ ਸਿੱਖਾਂ ਨੂੰ ਕਹਿੰਦਾ, ਸਿੰਘ ਰਣਜੀਤ ਸੁਨਾ ਕੇ,
ਆਪਸ ਵਿੱਚ ਲੜਿਓ ਨਾ, ਰੱਖਿਓ ਪ੍ਰੇਮ ਪ੍ਰੀਤਾਂ ਪਾ ਕੇ ।
ਸਿਰ ਮੱਥੇ ਮੰਨ ਲਿਓ, ਮੇਰਾ ਜਾਂਦੀ ਵਾਂਰ ਦਾ ਕਹਿਣਾ,
ਦੁਸ਼ਮਣ ਦੀਆਂ ਚਾਲਾਂ ਤੋਂ ਖਾਲਸਾ ਸਾਵਧਾਨ ਹੋ ਰਹਿਣਾ ।

ਗੁਰਸੇਵਕ ਸਿੰਘ ਢਿੱਲੋਂ ਰਚਿਤ ਪ੍ਰਸੰਗ ਦੀ ਖ਼ੂਬੀ ਇਹ ਹੈ ਕਿ ਢਿੱਲੋਂ ਨੇ ਸਾਗਰ ਨੂੰ ਗਾਗਰ ਵਿੱਚ ਬੰਦ ਕਰ ਦਿੱਤਾ ਹੈ ਅਤੇ ਕਵਿਤਾ ਦਾ ਸਹਾਰਾ ਲੈ ਕੇ, ਮਹਾਰਾਜਾ ਰਣਜੀਤ ਸਿੰਘ ਦੀ ਮੌਤ ਦੇ ਬਿਰਤਾਂਤ ਨੂੰ ਇਉਂ ਪੇਸ਼ ਕੀਤਾ ਹੈ :

ਮੋਇਆ ਸ਼ੇਰ ਪੰਜਾਬ ਦਾ, ਧਰਤੀ ਕੁਰਲਾਈ,
ਰੋਏ ਰਾਜੇ ਰਾਣੀਆਂ, ਮੱਚ ਗਈ ਦੁਹਾਈ ।
ਭੁੱਬਾਂ ਮਾਰੇ ਖੜਕ ਸਿੰਘ ਜਦ ਪਈ ਜੁਦਾਈ,
ਸੂਰਜ਼ਾ ਡੁੱਬਾ ਹਿੰਦ ਦਾ, ਮੁੱਕ ਗਈ ਰੁਸ਼ਨਾਈ ।
ਦੱਖਣ ਵਿੱਚ ਹਨੇਰ ਸੀ, ਉੱਤਰ ਸੁੰਨ ਛਾਈ,

ਪੂਰਬ ਪੱਛਮ ਹਿੱਲਿਆ, ਰੋਏ ਮਾਈ ਭਾਈ ।
ਸੇਵਕ ਸਿੰਘਾ ! ਪੰਜਾਬ ਦੀ ਕਾਇਆ ਕੁਮਲਾਈ ।

ਸਾਡੇ ਉੱਚ ਕੋਟੀ ਦੇ ਇਤਿਹਾਸਕਾਰਾਂ ਨੇ, ਸਾਡੇ ਪੰਜਾਬ ਦੇ ਇਤਿਹਾਸ ਨੂੰ ਸੰਭਾਲਣ ਲਈ ਬਹੁਤ ਮਿਹਨਤ ਕੀਤੀ ਹੈ, ਪਰ ਕਵਿਤਾ ਰਾਹੀਂ ਇਸ ਇਤਿਹਾਸ ਨੂੰ ਸੰਭਾਲਣਾ, ਬਹੁਤ ਘੱਟ ਲੇਖਕਾਂ ਦੇ ਹਿੱਸੇ ਆਇਆ ਹੈ । ਕਵੀਸ਼ਰ ਗੁਰਸੇਵਕ ਸਿੰਘ ਢਿੱਲੋਂ ਨੇ ਸਾਡੇ ਪੁਰਾਤਨ ਕਾਵਿ-ਰੂਪ ਪ੍ਰਸੰਗ ਰਾਹੀਂ, ਮਹਾਰਾਜਾ ਰਣਜੀਤ ਸਿੰਘ ਦੀ ਮੌਤ ਲਿਖ ਕੇ ਜੋ ਜ਼ੁੰਮੇਵਾਰੀ ਨਿਭਾਈ, ਉਹ ਇਸ ਲਈ ਵਧਾਈ ਦੇ ਪਾਤਰ ਹਨ । ਕਮਾਲ ਦੀ ਗੱਲ ਤਾਂ ਇਹ ਹੈ ਕਿ ਕਵੀਸ਼ਰ ਨੇ, ਕਿਸੇ ਇੱਕ ਛੰਦ ਵਿੱਚ ਕਿੱਸੇ ਨੂੰ ਨਹੀਂ ਬੰਨ੍ਹਿਆ ਸਗੋਂ ਕੋਰੜਾ, ਬੈਂਤ, ਦੋਤਾਰਾ, ਮਿਰਜ਼ਾ, ਵਾਰ ਅਤੇ ਗੱਡੀ ਵਰਗੇ ਸਾਡੇ ਹਰਮਨ ਪਿਆਰੇ ਛੰਦਾਂ ਵਿੱਚ ਪ੍ਰਸੰਗ ਨੂੰ ਬੰਨ੍ਹ ਕੇ, ਆਪਣੀ ਕਲਾ ਦਾ ਪ੍ਰਗਟਾਵਾ ਕੀਤਾ ਹੈ । ਦੇਖੋਂ ਬੈਂਤ ਛੰਦ ਦਾ ਨਮੂਨਾ :-

ਮੇਰਾ ਅੰਤਿਮ ਸਮਾਂ ਹੁਣ ਆ ਗਿਆ ਏ ।
ਮਹਾਰਾਜ ਨੇ ਆਖ ਸੁਣਾਇਆ ਏ ।
ਖੜਕ ਸਿੰਘ ਨੂੰ ਰਾਜ ਮੈਂ ਸੌਂਪ ਦਿੱਤਾ,
ਰਾਜਾ ਏਸਨੂੰ ਅਸੀਂ ਬਣਾਇਆ ਏ ।

ਆਓ, ਗੁਰਸੇਵਕ ਸਿੰਘ ਢਿੱਲੋਂ ਰਚਿਤ ਕਵੀਸ਼ਰੀ ਪ੍ਰਸੰਗ 'ਮਹਾਰਾਜਾ ਰਣਜੀਤ ਸਿੰਘ ਦਾ ਵਿਛੋੜਾ' ਦਾ ਸਵਾਗਤ ਕਰੀਏ ਕਿਉਂ ਕਿ ਇਹ ਸਾਡੇ ਕਵੀਸ਼ਰੀ ਪ੍ਰਸੰਗ ਵਿੱਚ ਵਾਧੇ ਲਈ ਚੁੱਕਿਆ ਸਲਾਘਾਯੋਗ ਕਦਮ ਹੈ ।

ਕਹਾਣੀਕਾਰ ਤੇ ਗੀਤਕਾਰ
ਮਾ: ਤੇਲੂਰਾਮ ਕੁਹਾੜਾ
ਪਿੰਡ ਡਾਕਖਾਨਾ ਕੁਹਾੜਾ,
ਜ਼ਿਲ੍ਹਾ ਲੁਧਿਆਣਾ ।

ਢਿੱਲੋਂ ਦੀ ਕਹਾਣੀ, ਢਿੱਲੋਂ ਦੀ ਜ਼ੁਬਾਨੀਂ

ਹਾਸ਼ਮ ਫ਼ਤਿਹ ਆਸਾਨ ਤਿੰਨਾਂ ਨੂੰ ਜਿਨ੍ਹਾਂ ਹਿੰਮਤ ਯਾਰ ਬਣਾਈ ।।

ਜੀ ਹਾਂ, ਜ਼ਿੰਦਗੀ ਦੇ ਸਫ਼ਰ ਨੂੰ ਉਹ ਲੋਕ ਤੈਅ ਕਰ ਲੈਂਦੇ ਹਨ । ਜਿਹੜੇ ਹਿੰਮਤੀ ਹੁੰਦੇ ਹਨ। ਉੱਗਣ ਵਾਲੇ ਪੌਦੇ ਪੱਥਰਾਂ ਨੂੰ ਪਾੜ ਕੇ ਉੱਗ ਖਲੋਂਦੇ ਹਨ। ਚੰਗਿਆਈ ਦੇ ਰਸਤੇ ਤੁਰਨ ਵਾਲਿਆਂ ਦੀ ਸੰਸਾਰ ਦੇ ਸੌੜੀ ਸੋਚ ਵਾਲੇ ਮਨੁੱਖਾਂ ਨੇ ਹਮੇਸ਼ਾਂ ਵਿਰੋਧਤਾ ਕੀਤੀ । ਪਰ ਧਰਮੀਂ ਲੋਕਾਂ ਨੇ ਵਿਰੋਧਤਾ ਵਿੱਚੋਂ ਹੀ ਜ਼ਿੰਦਗੀ ਪ੍ਰਾਪਤ ਕੀਤੀ । ਮੇਰਾ ਕਵੀਸ਼ਰੀ ਦਾ ਸਫ਼ਰ 25 ਕੁ ਸਾਲਾਂ ਤੋਂ ਸਫ਼ਲਤਾ ਪੂਰਵਕ ਚੱਲਿਆ ਆ ਰਿਹਾ ਹੈ । ਇਸ 25 ਕੁ ਸਾਲਾਂ ਦੇ ਸਫ਼ਰ ਵਿੱਚ ਮੇਰੀ ਮੇਰੇ ਵਿਰੋਧੀਆਂ ਨੇ ਵਿਰੋਧਤਾ ਤਾਂ ਕੀਤੀ ਹੀ ਹੈ ਪਰ ਇਸ ਦੇ ਨਾਲ-ਨਾਲ ਮੇਰੇ ਸੱਜਣਾਂ ਨੇ ਵੀ ਮੇਰੀ ਵਿਰੋਧਤਾ ਕੀਤੀ । ਪਰ ਮੈਂ ਕਦੇ ਆਪਣੇ ਵਿਰੋਧੀਆਂ ਦੀ ਅਤੇ ਆਪਣੇ ਸੱਜਣਾਂ ਦੀ ਵਿਰੋਧਤਾ ਨਹੀਂ ਕੀਤੀ ਸਗੋਂ ਉਹਨਾਂ ਦਾ ਮੈਂ ਧੰਨਵਾਦ ਜ਼ਰੂਰ ਕਰਦਾ ਹਾਂ ਕਿ ਜੇ ਉਹ ਮੇਰੀ ਵਿਰੋਧਤਾ ਨਾ ਕਰਦੇ ਤਾਂ ਮੈਂ ਇਸ ਸਫ਼ਲਤਾ ਦੀ ਮੰਜ਼ਿਲ ਉੱਤੇ ਸ਼ਾਇਦ ਕਦੇ ਨਾ ਪਹੁੰਚਦਾ ।

ਇੱਕ ਵਾਰ ਮੈਂ ਪੰਜਾਬ ਦੇ ਪ੍ਰਸਿੱਧ ਲਿਖਾਰੀ ਸ. ਜਨਮੇਜਾ ਸਿੰਘ ਜੌਹਲ ਜੀ ਨੂੰ ਮਿਲਣ ਵਾਸਤੇ ਪੰਜਾਬੀ ਭਵਨ, ਲੁਧਿਆਣਾ ਗਿਆ ਸਾਂ । ਉਹ ਬਹੁਤ ਹੀ ਸੁਲਝੇ ਹੋਏ ਇਨਸਾਨ ਹਨ । ਗੱਲਬਾਤ ਦੌਰਾਨ ਉਹਨਾਂ ਮੈਨੂੰ ਮਜ਼ਾਕੀਆ ਲਹਿਜ਼ੇ ਵਿੱਚ ਆਖਿਆ, ਢਿੱਲੋਂ ਸਾਬ ! ਮੈਨੂੰ ਭੁੱਲਣ ਦੀ

ਬਹੁਤ ਆਦਤ ਹੈ । ਜਦੋਂ ਵੀ ਕੋਈ ਮੇਰੀ ਵਿਰੋਧਤਾ ਕਰਦਾ ਹੈ ਜਾਂ ਮੈਨੂੰ ਮੰਦਾ ਬੋਲਦਾ ਹੈ ਤਾਂ ਮੈਂ ਭੁੱਲ ਜਾਂਦਾ ਹਾਂ । ਮੈਨੂੰ ਕੁੱਝ ਯਾਦ ਨਹੀਂ ਰਹਿੰਦਾ । ਏਸੇ ਕਰਕੇ ਹੀ ਮੈਂ ਸੁਖੀ ਹਾਂ। ਜੇਕਰ ਮੈਂ ਆਪਣੇ ਵਿਰੋਧੀਆਂ ਦੀਆਂ ਗੱਲਾਂ ਚੇਤੇ ਰੱਖਾਂ ਤਾਂ ਉਸ ਦਾ ਕੀ ਫਾਇਦਾ । ਆਪਣੇ ਮਨ ਨੂੰ ਦੁਖੀ ਕਰਨ ਵਾਲੀ ਹੀ ਗੱਲ ਹੈ । ਉਹਨਾਂ ਦੀ ਗੱਲ ਸੁਣ ਕੇ ਮੇਰੇ ਮੂੰਹ ਵਿੱਚੋਂ ਇਹ ਸ਼ਬਦ ਨਿਕਲੇ, "ਵਾਹ-ਵਾਹ-ਵਾਹ ਜੌਹਲ ਸਾਬ ਕਿਆ ਬਾਤ ਹੈ ।" ਸੋ ਮੇਰੇ ਨਾਲ ਜਿਨ੍ਹਾਂ ਨੇ ਵਿਰੋਧਤਾ ਕੀਤੀ, ਮੈਂ ਉਹਨਾਂ ਦੀ ਵਿਰੋਧਤਾ ਨੂੰ ਉਸੇ ਵੇਲੇ ਹੀ ਦਿਲੋਂ ਭੁਲਾ ਦਿੰਦਾ ਹਾਂ । ਮੈਂ ਕਿਹਾ, ਜੌਹਲ ਸਾਬ ! ਮੈਨੂੰ ਵੀ ਤੁਹਾਡੇ ਵਾਂਗੂੰ ਭੁੱਲਣ ਦੀ ਆਦਤ ਹੈ ਤਾਂ ਉਹ ਬਹੁਤ ਖੁਸ਼ ਹੋਏ ਤੇ ਉਹਨਾਂ ਕਿਹਾ, ਵਿਦਵਾਨ ਉਸ ਨੂੰ ਆਖਦੇ ਹਨ ਜੋ ਮਨ ਵਿੱਚ ਈਰਖਾ ਨਾ ਰੱਖੇ । ਜਿਸ ਦੇ ਹਿਰਦੇ ਵਿੱਚ ਈਰਖਾ ਆ ਗਈ ਉਹ ਵਿਦਵਾਨ ਹੋ ਹੀ ਨਹੀਂ ਸਕਦਾ ।

ਮੂੰਹੋਂ ਮਿੱਠਾ ਬੋਲਦੇ ਅੰਦਰੋਂ ਬਹੁਤ ਸ਼ੈਤਾਨ,
ਦੱਸੋ ਕਿਹੜਾ ਕਹੂਗਾ ਉਹਨਾਂ ਨੂੰ ਵਿਦਵਾਨ ।

ਕਿਸੇ ਦੇ ਪੈਰ ਪਿਛਾਂਹ ਖਿੱਚਣ ਵਾਲੇ ਨੂੰ ਵਿਦਵਾਨ ਨਹੀਂ ਕਿਹਾ ਗਿਆ ਸਗੋਂ ਵਿਦਵਾਨ ਉਹ ਹੁੰਦੇ ਹਨ ਜੋ ਕਿਸੇ ਗਰੀਬ ਦੀ ਮਦਦ ਕਰਕੇ ਉਸਨੂੰ ਸਮਾਜ ਵਿੱਚ ਅੱਗੇ ਆਉਣ ਲਈ ਪ੍ਰੇਰਨਾਂ ਦਿੰਦੇ ਹਨ ।

ਮੇਰੀ ਪਹਿਲੀ ਪੁਸਤਕ 'ਪੂਰਨ ਭਗਤ ਦਾ ਕਿੱਸਾ', ਪਾਠਕਾਂ ਨੇ ਪਸੰਦ ਕੀਤੀ । ਮੈਂ ਧੰਨਵਾਦੀ ਹਾਂ । ਦੂਸਰੀ ਪੁਸਤਕ 'ਮਹਾਰਾਜਾ ਰਣਜੀਤ

ਸਿੰਘ ਜੀ ਦਾ ਵਿਛੋੜਾ' ਪਾਠਕਾਂ ਦੇ ਸਨਮੁੱਖ ਹੈ । ਮੈਂ ਉਹਨਾਂ ਸੱਜਣਾਂ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਜੋ ਕਿਹਾ, ਉਹ ਕਰਕੇ ਵਿਖਾਇਆ । ਮੇਰੇ ਨਾਲ ਜਿਨ੍ਹਾਂ ਨੇ ਵਿਰੋਧਤਾ ਕੀਤੀ, ਮੈਂ ਉਹਨਾਂ ਦਾ ਵੀ ਸਦਾ ਰਿਣੀ ਰਹਾਂਗਾ ਕਿਉਂ ਕਿ ਵਿਰੋਧਤਾ ਵਿੱਚੋਂ ਹੀ ਇੱਕ ਕਵੀ ਦਾ ਜਨਮ ਹੁੰਦਾ ਹੈ ਤੇ ਮੇਰਾ ਜਨਮ ਵੀ ਵਿਰੋਧਤਾ 'ਚੋਂ ਹੀ ਹੋਇਆ। ਪੁਸਤਕ 'ਮਹਾਰਾਜਾ ਰਣਜੀਤ ਸਿੰਘ ਜੀ ਦਾ ਵਿਛੋੜਾ' ਤਿਆਰ ਕਰਦਿਆਂ ਮੇਰੇ ਸਾਹਮਣੇ ਕਈ ਔਂਕੜਾਂ ਆਈਆਂ ਪਰ ਅੱਗੇ ਵੱਧਣ ਦੀ ਭਾਵਨਾ ਰੱਖਣ ਵਾਲੇ ਰਸਤੇ ਵਿੱਚ ਆਏ ਹੋਏ ਪੱਥਰਾਂ ਨੂੰ ਪਰਾਂ ਕਰ ਲੈਂਦੇ ਹਨ । ਸ਼੍ਰੀ ਭੈਣੀ ਸਾਹਿਬ ਸਾਹਿਤ ਸਭਾ ਨਾਲ ਜੁੜਕੇ ਮੈਨੂੰ ਬਹੁਤ ਕੁੱਝ ਸਿੱਖਣ ਨੂੰ ਮਿਲਿਆ । ਮੈਂ ਸ਼੍ਰੀ ਭੈਣੀ ਸਾਹਿਬ ਸਾਹਿਤ ਸਭਾ ਦਾ ਵੀ ਧੰਨਵਾਦੀ ਹਾਂ ।

ਕਵੀਸ਼ਰ ਗੁਰਸੇਵਕ ਸਿੰਘ ਢਿੱਲੋਂ

ਸ਼੍ਰੀ ਭੈਣੀ ਸਾਹਿਬ

''ਬੰਦਨਾਂ''

1.

ਪਟਨੇ ਵਿੱਚ ਜਨਮ ਲਿਆ ਸਤਿਗੁਰ ਸੀ ਨੰਦਪੁਰ ਦੇ ਵਾਸੀ
ਦੁਸ਼ਟਾਂ ਨੂੰ ਦੰਡਨ ਲਈ ਰੱਬੀ ਜੋਤ ਨੂਰ ਪ੍ਰਕਾਸ਼ੀ
ਨਾ ਮਿਲੇ ਮਿਸਾਲ ਕਿਤੇ ਦਾਤਾ ਧੰਨ ਤੇਰੀ ਕੁਰਬਾਨੀ
ਸਰਬੰਸ ਲੁਟਾ ਦਿੱਤਾ ਬਣਕੇ ਤੂੰ ਪੁੱਤਰਾਂ ਦਾ ਦਾਨੀ

2.

ਸਰਸਾ ਦੇ ਕੰਢੇ ਤੇ ਸਾਰਾ ਵਿੱਛੜ ਗਿਆ ਪਰੀਵਾਰ
ਵਿੱਚ ਮਾਛੀਵਾੜੇ ਦੇ ਸੁੱਤਾ ਜੰਡ ਥੱਲੇ ਦਿਲਦਾਰ
ਆ ਮਿੱਤਰ ਪਿਆਰੇ ਨੂੰ ਰਚਿਆ ਸ਼ਬਦ ਗਾਈ ਗੁਰਬਾਣੀ
ਸਰਬੰਸ ਲੁਟਾ ਦਿੱਤਾ ਬਣਕੇ ਤੂੰ ਪੁੱਤਰਾਂ ਦਾ ਦਾਨੀ

3.

ਮੈਂ ਕਿਵੇਂ ਸੁਨਾਵਾਂ ਜੀ ਜੋ ਜੋ ਮਾਂ ਗੁਜਰੀ ਤੇ ਗੁਜਰੀ
ਗੁਜਰੀ ਨੇ ਦੁੱਖ ਝੱਲੇ ਗੁਜਰੀ ਵਿੱਚ ਬੁਰਜ ਦੇ ਗੁਜਰੀ
ਉਸ ਧਰਮੀਂ ਮਾਤਾ ਦੀ ਜੱਗ ਤੇ ਰਹੂਗੀ ਯਾਦ ਮਹਾਨੀ
ਸਰਬੰਸ ਲੁਟਾ ਦਿੱਤਾ ਬਣਕੇ ਤੂੰ ਪੁੱਤਰਾਂ ਦਾ ਦਾਨੀ

4.

ਛੋਟੇ ਤੇ ਵੱਡੇ ਜੀ ਦਿੱਤੇ ਵਾਰ ਚਾਰ ਫਰਜੰਦ
ਦੋ ਚਿਣਤੇ ਨੀਹਾਂ ਚੁ ਤੋਰੇ ਦੋ ਚਮਕੌਰ ਦੀ ਜੰਗ
ਰਣ ਦੇ ਵਿੱਚ ਵੈਰੀ ਨੂੰ ਉਹਨਾਂ ਯਾਦ ਕਰਾਈ ਨਾਨੀ
ਸਰਬੰਸ ਲੁਟਾ ਦਿੱਤਾ ਬਣਕੇ ਤੂੰ ਪੁੱਤਰਾਂ ਦਾ ਦਾਨੀ

5.

ਪੁੱਤ ਭੇਟ ਚੜ੍ਹਾਕੇ ਤੇ ਆਪ ਨੇ ਮੁੱਖੋਂ ਕਿਹਾ ਉਚਾਰ
ਕੀ ਹੋਇਆ ਚਾਰ ਮੂਏ ਮੈਨੂੰ ਜੀਵਤ ਕਈ ਹਜਾਰ
ਵੈਰੀ ਭੱਜ ਉੱਠਦੇ ਸੀ ਚੁੱਕਦੇ ਜਦੋਂ ਸੀ ਤੀਰ ਕਮਾਨੀਂ
ਸਰਬੰਸ ਲੁਟਾ ਦਿੱਤਾ ਬਣਕੇ ਤੂੰ ਪੁੱਤਰਾਂ ਦਾ ਦਾਨੀ

6.

ਮੋਹਰੀ ਹੋ ਹੋ ਕੇ ਤੇ ਆਪ ਨੇ ਕਈ ਜੰਗਾਂ ਸੀ ਲੜੀਆਂ
ਮੂੰਹ ਮੋੜੇ ਫ਼ੌਜਾਂ ਦੇ ਤੇਰੇ ਵੱਲ ਜਿਹੜੀਆਂ ਚੜੀਆਂ
ਤੇਰੇ ਉਪਕਾਰਾਂ ਦੀ ਰਹਿਣੀ ਜੱਗ ਤੇ ਕਾਇਨ ਨਿਸ਼ਾਨੀ
ਸਰਬੰਸ ਲੁਟਾ ਦਿੱਤਾ ਬਣਕੇ ਤੂੰ ਪੁੱਤਰਾਂ ਦਾ ਦਾਨੀ

7.

ਗੁਰ ਤਾਰਨਹਾਰੇ ਨੇ ''ਢਿਲੋਂ'' ਵਰਗੇ ਲੱਖਾਂ ਤਾਰੇ
ਕੋਈ ਭੇਦ ਨਾ ਪਾ ਸਕਿਆ ਜਾਵਾਂ ਤੇਰੇ ਤੋਂ ਬਲਿਹਾਰੇ
ਮੈਂ ਭਾਲ ਥੱਕਿਆ ਹਾਂ ਜੱਗ ਵਿੱਚ ਤੇਰਾ ਨਾ ਕੋਈ ਸਾਨੀ
ਸਰਬੰਸ ਲੁਟਾ ਦਿੱਤਾ ਬਣਕੇ ਤੂੰ ਪੁੱਤਰਾਂ ਦਾ ਦਾਨੀ

ਪ੍ਰਚਾਰ ਨੰ : 1

ਪੰਜਾਬ ਪੰਜਾਂ ਦਰਿਆਵਾਂ ਦੀ ਧਰਤੀ ਜਿਸਦੀ ਜਵਾਨੀ ਹੱਸਦੀ ਨੱਚਦੀ ਟੱਪਦੀ ਸੀ।

ਇਹ ਧਰਤੀ ਦੇਸ਼ ਪੰਜਾਬ ਦੀ ਇਹ ਭਾਰਤ ਦੇਸ਼ ਮਹਾਨ
ਸਭ ਦੇਸ਼ਾਂ ਚੋਂ ਏਸਦੀ ਉੱਚੀ ਸੁੱਚੀ ਸ਼ਾਨ
ਏਥੇ ਛੈਲ ਛਬੀਲੇ ਵੱਸਦੇ ਗੱਭਰੂ ਨੌਜਵਾਨ
ਏਥੇ ਗੁਰੂਆਂ ਪੀਰ ਪੈਗੰਬਰਾਂ ਸਾਜੇ ਨੇ ਅਸਥਾਨ
ਏਥੇ ਯੋਧੇ ਤੋਪਾਂ ਸਾਹਮਣੇ ਖੜ੍ਹਦੇ ਹਿੱਕਾਂ ਤਾਣ
ਏਥੇ ਯਾਰ ਯਾਰਾਂ ਦੇ ਵਾਸਤੇ ਵਾਰ ਦੇਣ ਜਿੰਦ ਜਾਨ
ਐਪਰ ਲੱਗੀ ਨਜ਼ਰ ਪੰਜਾਬ ਨੂੰ ਪੜ ਕੋਮਲ ਦਿਲ ਪਛਤਾਣ
ਸਾਡੀ ਤਵਾਰੀਖ ਜੋ ਦੱਸਦੀ "ਗੁਰਸੇਵਕ" ਕਰੇ ਬਿਆਨ

ਜੀ ਹਾਂ, ਅਸੀਂ ਆਪਣੀ ਮਾਤ ਭੂਮੀਂ ਉੱਤੇ ਧੌਣਾਂ ਅਕੜਾ ਕੇ ਚੱਲਦੇ ਸਾਂ ਪੰਜਾਬ ਦੀ ਧਰਤੀ ਬਰਬਾਦੀ ਵਿੱਚ ਕਿਵੇਂ ਬਦਲ ਗਈ। ਅਸੀਂ ਬਾਦਸ਼ਾਹਾਂ ਤੋਂ ਗੁਲਾਮ ਕਿਵੇਂ ਹੋ ਗਏ।

ਲਗਾਮ ਆਈ ਗੈਰੋਂ ਕੇ ਹਾਥ ਬੇ -ਲਗਾਮ ਹੋ ਗਏ
ਅਜ਼ਾਦ ਥੇ ਹਮ ਲੇਕਿਨ ਗੁਲਾਮ ਹੋ ਗਏ।

ਸ੍ਰ: ਮਹਾਂ ਸਿੰਘ ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਨੌਜੁਆਨ ਉਮਰ (27 ਸਾਲ) ਸੰਮਤ 1749 ਵਿੱਚ ਹੀ ਅਕਾਲ ਚਲਾਣਾ ਕਰ ਗਏ ਸਨ, ਤੇ ਉਸ ਵੇਲੇ ਰਣਜੀਤ ਸਿੰਘ ਦੀ ਉਮਰ 12 ਕੁ ਸਾਲ ਦੇ ਕਰੀਬ ਸੀ, ਪਰ ਰਾਣੀ ਸਦਾ ਕੌਰ ਦੀ ਸਿਆਣਪ ਤੇ ਸਪੁਰਦਕਾਰੀ ਨੇ ਰਣਜੀਤ ਸਿੰਘ ਦੇ ਹਰ ਕੰਮ ਨੂੰ ਸਵਾਰਿਆ। ਪਰ ਇਸ ਦੇ ਨਾਲ ਹੀ ਰਣਜੀਤ ਸਿੰਘ ਵੀ ਹੋਣਹਾਰ ਤੇ ਬਹਾਦਰ ਸੀ। ਪਿਤਾ ਦੀ ਮੌਤ ਨੇ ਉਸ ਨੂੰ ਹਰ ਕੰਮ ਆਪ ਅੱਗੇ ਹੋ ਕੇ ਕਰਨ ਦਾ ਮੌਕਾ ਦਿੱਤਾ ਤੇ ਕਈ ਮੁਹਿੰਮਾਂ ਦੀ ਉਸ ਨੇ ਛੋਟੀ ਉਮਰ ਵਿਚ ਹੀ ਫਤਹ ਪ੍ਰਾਪਤ

ਕੀਤੀ ਸੀ। ਰਣਜੀਤ ਸਿੰਘ ਨਿਡਰ ਇੰਨਾ ਸੀ ਕਿ ਨਿੱਕੀ ਜਿਹੀ ਉਮਰ ਵਿੱਚ ਹੀ ਜੰਗਲੀ ਸ਼ੇਰਾਂ ਨੂੰ ਤੱਕ ਤੱਕ ਮਾਰਨ ਲੱਗ ਪਿਆ ਤੇ ਸ਼ਿਕਾਰ ਦਾ ਵੀ ਡਾਢਾ ਸ਼ੁਕੀਨ ਸੀ। ਇਸੇ ਲਈ ਸ: ਮਹਾਂ ਸਿੰਘ ਦੇ ਚਲਾਣੇ ਪਿਛੋਂ ਰਣਜੀਤ ਸਿੰਘ ਨੇ ਚਾਰ ਪੰਜ ਸਾਲ ਵਿਚ ਹੀ ਗੁਜਰਾਂਵਾਲੇ ਦੇ ਆਲੇ-ਦੁਆਲੇ ਦੇ ਭਾਰੇ ਇਲਾਕੇ ਤੇ ਆਪਣੀ ਹਕੂਮਤ ਕਾਇਮ ਕਰ ਲਈ ਹੋਈ ਸੀ। ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਜਿਸਦਾ ਨਾਮ ਸੁਣ ਕੇ ਕਾਬਲ ਕੰਧਾਰ ਦੀਆਂ ਕੰਧਾਂ ਕੰਬਦੀਆਂ ਸਨ। ਜਿਸਦੀ ਭਬਕ ਅੱਗੇ ਵਿਰੋਧੀਆਂ ਨੂੰ ਭਾਜੜ ਪੈ ਜਾਂਦੀ ਸੀ। ਜਿਸਦੇ ਤੇਜ਼ ਅੱਗੇ ਸੂਰਜ ਦੀ ਰੌਸ਼ਨੀ ਵੀ ਮੱਧਮ ਪੈ ਜਾਂਦੀ ਸੀ। ਜਿਸਦੇ ਅੱਗੇ ਵੈਰੀ ਦੀ ਤਲਵਾਰ ਮਿਆਨ ਵਿੱਚੋਂ ਬਾਹਰ ਨਹੀਂ ਨਿਕਲਦੀ ਸੀ। ਜਿਸਦੀ ਰਵਾਨਗੀ ਅੱਗੇ ਅਟਕ ਅਟਕਦੇ ਅਟਕਦੇ ਅਟਕ ਜਾਂਦੇ ਸਨ। ਜਿਸਦੇ ਨਾਅਰਿਆਂ ਦੀਆਂ ਅਵਾਜ਼ਾ ਅਜੇ ਤੱਕ ਵੀ ਦਰਾ ਖੈਬਰ ਦੀਆਂ ਪਹਾੜੀਆਂ ਵਿੱਚੋਂ ਆਉਂਦੀਆਂ ਹਨ। ਸਮੇਂ ਨੇ ਐਸਾ ਗੇੜ ਮਾਰਿਆ ਕਿ ਪੰਜਾਬ ਦਾ ਸ਼ੇਰ, ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਮੰਜੇ ਉਤੇ ਬੀਮਾਰ ਪੈ ਗਿਆ। ਅਧਰੰਗ ਦੀ ਬਿਮਾਰੀ ਨੇ ਆਣ ਘੇਰਿਆ। ਬਹੁਤ ਹਕੀਮਾਂ ਨੇ ਇਲਾਜ ਕੀਤਾ। ਫਕੀਰ ਅਜੀਜਦੀਨ ਜੀ ਬੜੇ ਸਿਆਣੇ ਹਕੀਮ ਸਨ ਪਰ ਕੋਈ ਵੀ ਦਵਾਈ ਬਿਮਾਰੀ ਨੂੰ ਕਾਟ ਨਹੀਂ ਸੀ ਕਰ ਰਹੀ।

ਮਰਜ਼ ਬੜਤਾ ਗਯਾ ਯੂੰ ਯੂੰ ਦਵਾ ਕੀ

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਬਿਮਾਰ ਕਿਵੇਂ ਹੋਇਆ ਇਸ ਕਵਿਤਾ ਵਿੱਚ ਇੰਝ ਬਿਆਨ ਕੀਤਾ ਜਾ ਰਿਹਾ ਹੈ।

ਬੈਂਤ -1

ਮੰਦਭਾਗਾ ਪੰਜਾਬ ਤੇ ਸਮਾਂ ਆਇਆ
ਐਸੀ ਘੜੀ ਕੁਲੱਛਣੀ ਆਈ ਭਾਈ
ਪੰਜਾਂ ਆਬਾਂ ਦੀ ਧਰਤ ਪੰਜਾਬ ਦੀ ਜੋ

ਰੋ ਰੋ ਦੇਂਵਦੀ ਪਈ ਦੁਹਾਈ ਭਾਈ
ਦਰਦੇ-ਦਿਲ ਦਾ ਹਾਲ ਹਾਂ ਕਹਿਣ ਲੱਗਾ
ਰੋਂਦੀ ਕਲਮ ਤੇ ਮਨ ਅਵਾਜ਼ਾਰ ਹੋਇਆ
ਮੰਦੇ ਭਾਗ ਪੰਜਾਬ ਦੇ ਆਏ ਨੇੜੇ
ਮਹਾਰਾਜਾ ਰਣਜੀਤ ਬਿਮਾਰ ਹੋਇਆ।

2.

ਮਹਾਂ ਸਿੰਘ ਦਾ ਲਾਡਲਾ ਸ਼ੇਰ ਦੂਲਾ
ਸ਼ੇਰ ਦਿਲ ਤੇ ਸ਼ੇਰੇ ਪੰਜਾਬ ਸੀ ਉਹ
ਰਾਜ ਕੌਰ ਮਾਤਾ ਭਾਗਾਂ ਵਾਲੜੀ ਸੀ
ਜਿਸਦੀ ਅੱਖ ਦਾ ਤਾਰਾ ਜਨਾਬ ਸੀ ਉਹ
ਮਹਾਂ ਰਾਜ ਦੀ ਪਦਵੀ ਮਿਲੀ ਜਿਸਨੂੰ
ਸਾਰੇ ਰਾਜਿਆਂ ਵਿੱਚ ਸਤਕਾਰ ਹੋਇਆ
ਮੰਦੇ ਭਾਗ ਪੰਜਾਬ ਦੇ ਆਏ ਨੇੜੇ
ਮਹਾਰਾਜਾ ਰਣਜੀਤ ਬਿਮਾਰ ਹੋਇਆ

3.

ਜਿਸਦਾ ਨਾਮ ਸੁਣ ਕਾਬਲ ਕੰਧਾਰ ਕੰਬੇ
ਕੰਧਾਂ ਲਾਹੌਰ ਪਸ਼ੌਰ ਦੀਆਂ ਕੰਬਦੀਆਂ ਸਨ
ਸਤਲੁਜ ਰਾਵੀ ਝਨਾਵ ਬਿਆਸ ਜੇਹਲਮ
ਉਹਦੇ ਕਦਮਾਂ ਚ ਝੁੱਕ ਝੁੱਕ ਲੰਘਦੀਆਂ ਸਨ
ਦਿੱਲੀ ਜੰਮੂ ਕਸ਼ਮੀਰ ਜਮਰੌਂਦ ਕਾਂਗੜ

ਰਿਆਸਤ ਚੰਬਾ ਮੁਲਤਾਨ ਸਰਦਾਰ ਹੋਇਆ
ਮੰਦੇ ਭਾਗ ਪੰਜਾਬ ਦੇ ਆਏ ਨੇੜੇ
ਮਹਾਰਾਜਾ ਰਣਜੀਤ ਬਿਮਾਰ ਹੋਇਆ

4.

ਜਿਸਦੀ ਮਟਕ ਅੱਗੇ ਅਟਕ, ਅਟਕ ਜਾਂਦੇ
ਵੈਰੀ ਫਟਕਦੇ ਫਟਕਦੇ ਫਟਕ ਜਾਂਦੇ
ਯੋਧੇ ਬੜਕਦੇ ਬੜਕਦੇ ਬੜਕ ਜਾਂਦੇ
ਦੁਸ਼ਮਣ ਝਟਕਦੇ ਝਟਕਦੇ ਝਟਕ ਜਾਂਦੇ
ਫ਼ਤਹਿ ਆਣ ਕੇ ਓਸਦੇ ਕਦਮ ਚੁੰਮਦੀ
ਜਾਂ ਨਿਸਾਰ ਉਹ ਸਿਪਾਹ ਸਲਾਰ ਹੋਇਆ
ਮੰਦੇ ਭਾਗ ਪੰਜਾਬ ਦੇ ਆਏ ਨੇੜੇ
ਮਹਾਰਾਜਾ ਰਣਜੀਤ ਬਿਮਾਰ ਹੋਇਆ

5.

ਖੱਬੀ ਖਾਨ ਸੀ ਭਬਕਦੇ ਜਦੋਂ ਆ ਕੇ
ਉਸਦੀ ਭਬਕ ਅੱਗੇ ਆ ਕੇ ਭਸਮ ਹੁੰਦੇ
ਮੌਤ ਆਣ ਕੇ ਕਈਆਂ ਨੂੰ ਮਾਰ ਦਿੰਦੀ
ਕਈ ਮੁੱਕਦੇ ਕਈਆਂ ਦੇ ਜਖ਼ਮ ਹੁੰਦੇ
ਉਹ ਸੀ ਤੇਜ਼ ਹਵਾਵਾਂ ਨੂੰ ਰੋਕ ਦਿੰਦਾ
ਜਿਸ ਪਾਸੇ ਉਹ ਸ਼ਾਹ ਅਸਵਾਰ ਹੋਇਆ
ਮੰਦੇ ਭਾਗ ਪੰਜਾਬ ਦੇ ਆਏ ਨੇੜੇ
ਮਹਾਰਾਜਾ ਰਣਜੀਤ ਬਿਮਾਰ ਹੋਇਆ

6.

ਜੀਹਦੇ ਤੇਜ਼ ਦੇ ਅੱਗੇ ਦਿਲਾਵਰਾਂ ਦਾ
ਲਹੂ ਰਗਾਂ ਦੇ ਵਿੱਚ ਹੀ ਸੁੱਕ ਜਾਂਦਾ
ਜੀਹਦੀ ਤਿੱਖੀ ਤਲਵਾਰ ਦੇ ਵਾਰ ਅੱਗੇ
ਮਹਾਂਬਲੀਆਂ ਦਾ ਬਲ ਸੀ ਟੁੱਟ ਜਾਂਦਾ
ਛਾਤੀ ਨਾਲ ਤੂਫ਼ਾਨ ਸੀ ਰੋਕ ਦਿੰਦਾ
ਨੌਜਵਾਨ - ਫੁਰਤੀਲਾ ਪਹਿਰੇਦਾਰ ਹੋਇਆ
ਮੰਦੇ ਭਾਗ ਪੰਜਾਬ ਦੇ ਆਏ ਨੇੜੇ
ਮਹਾਰਾਜਾ ਰਣਜੀਤ ਬਿਮਾਰ ਹੋਇਆ

7.

ਐਸਾ ਸਮੇਂ ਨੇ ਮਾਰਿਆ ਗੇੜ ਭਾਈ
ਬੇਵੱਸ ਉਹ ਆਖਰਕਾਰ ਹੋਇਆ
ਚਾਰੇ ਪਾਸੇ ਸੀ ਧਾਕ ਜਮਾਈ ਜਿਸਨੇ
ਅੱਧਰੰਗ ਦਾ ਆਣ ਸ਼ਿਕਾਰ ਹੋਇਆ
''ਸੇਵਕ ਸਿੰਘ'' ਨੇ ਦੱਸਿਆ ਹਾਲ ਸਾਰਾ
ਜਿਵੇਂ ਹੋਣੀ ਦਾ ਓਸਤੇ ਵਾਰ ਹੋਇਆ
ਮੰਦੇ ਭਾਗ ਪੰਜਾਬ ਦੇ ਆਏ ਨੇੜੇ
ਮਹਾਰਾਜਾ ਰਣਜੀਤ ਬਿਮਾਰ ਹੋਇਆ

ਪ੍ਰਚਾਰ ਨੰ : 2

ਮਹਾਰਾਜਾ ਰਣਜੀਤ ਸਿੰਘ ਜੀ ਦਾ ਇਲਾਜ ਕੀਤਾ ਗਿਆ ਪਰ ਸਿਹਤ ਵਿੱਚ ਕੁਝ ਵੀ ਸੁਧਾਰ ਨਾ ਹੋਇਆ। ਸਗੋਂ ਅੱਗੇ ਨਾਲੋਂ ਸਿਹਤ ਵਿਗੜਦੀ ਗਈ। ਮਹਾਰਾਜ ਨੇ ਹਜੂਰੀ ਬਾਗ ਵਿੱਚ ਅੰਤਮ ਦਰਬਾਰ ਲਾ ਕੇ ਆਪਣੇ ਸਕੇ ਸਬੰਧੀਆਂ ਵਜੀਰਾਂ, ਸਰਦਾਰਾਂ, ਜਰਨੈਲਾਂ ਨੂੰ ਬੁਲਾ ਕੇ ਆਪ ਜੀ ਨੇ ਸੰਬੋਧਨ ਕਰਨਾ ਸ਼ੁਰੂ ਕੀਤਾ। ''ਖਾਲਸਾ ਜੀ! ਹੁਣ ਕੁਝ ਕੁ ਦਿਨਾਂ ਦਾ ਹੀ ਮੇਲਾ ਹੈ ਥੋੜ੍ਹੇ ਸਮੇਂ ਤੱਕ ਮੈਂ ਆਪ ਤੋਂ ਸਦਾ ਲਈ ਵਿਦਾ ਹੋ ਜਾਂਵਾਗਾ। ਇਸ ਸੰਸਾਰ ਉਤੇ ਜਿਹੜਾ ਵੀ ਆਇਆ ਉਸਨੇ ਜਾਣਾ ਹੈ। ਕਵੀ ਲਿਖਦਾ ਹੈ।

ਨਾਮ ਜਿੰਨਾਂ ਦਾ ਜਪਦੀ ਖਲਕਤ
ਰਾਮ ਕ੍ਰਿਸ਼ਨ ਅਵਤਾਰ ਚੱਲੇ
ਅਰਜਨ ਦੇ ਅੱਜ ਬਾਣ ਨਾ ਦਿਸਦੇ
ਭੀਮ ਸੈਨ ਬਲਕਾਰ ਚੱਲੇ
ਮੋਇਆ ਨੂੰ ਜੋ ਕਰਨ ਜਿਊਂਦਾ
ਉਹ ਵੀ ਆਖਰਕਾਰ ਚੱਲੇ
ਚਤੁਰ ਦਾਸ ਅਫ਼ਲਾਤੂ ਵਰਗੇ
ਆਪਣਾ ਵਕਤ ਗੁਜ਼ਾਰ ਚੱਲੇ

ਮਹਾਰਾਜਾ ਰਣਜੀਤ ਸਿੰਘ ਕਹਿਣ ਲੱਗੇ ਸੰਸਾਰ ਉਤੇ ਸਦਾ ਐਸ਼, ਜਵਾਨੀ, ਮਾਂ ਪਿਉ, ਧਨ ਦੌਲਤਾਂ ਨਹੀਂ ਰਹਿਣਗੀਆਂ ਅੰਤ ਵੇਲੇ ਸਾਰਾ ਕੁਝ ਸੰਸਾਰ ਤੇ ਹੀ ਛੱਡ ਕੇ ਤੁਰ ਜਾਣਾ ਹੈ। ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਦਾ ਸਮਕਾਲੀ ਕਵੀ ਸ਼ਾਹ ਮੁਹੰਮਦ ਬਹੁਤ ਖੂਬਸੂਰਤ ਲਿਖਦਾ ਹੈ।

ਏਥੇ ਆਇਆ ਨੂੰ ਦੁਨੀਆਂ ਮੋਹ ਲੈਂਦੀ
ਦਗੇਬਾਜ਼ ਦਾ ਧਾਰ ਕੇ ਭੇਸ ਮੀਆਂ
ਸਦਾ ਨਹੀਂ ਜਵਾਨੀ ਤੇ ਐਸ਼ ਮਾਪੇ

ਸਦਾ ਨਹੀਂ ਜੇ ਬਾਲ ਵਰੇਸ਼ ਮੀਆਂ
ਸਦਾ ਨਹੀਂ ਜੇ ਦੌਲਤਾਂ ਫੀਲ ਘੋੜੇ
ਸਦਾ ਨਹੀਂ ਜੇ ਰਾਜਿਆਂ ਦੇਸ਼ ਮੀਆਂ
ਸ਼ਾਹ ਮੁਹੰਮਦਾਂ ਸਦਾ ਨਾ ਰੂਪ ਦੁਨੀਆਂ
ਸਦਾ ਰਹਿਣ ਨਾ ਕਾਲੜੇ ਕੇਸ ਮੀਆਂ

ਮਹਾਰਾਜਾ ਰਣਜੀਤ ਸਿੰਘ ਜੀ ਨੇ ਸਾਰਿਆਂ ਨੂੰ ਆਖਿਆ ਕਿ ਮੈਨੂੰ ਇਸ ਗੱਲ ਦਾ ਅਫ਼ਸੋਸ ਨਹੀਂ ਕਿ ਮੈਂ ਸੰਸਾਰ ਤੋਂ ਤੁਰ ਜਾਣਾ ਹੈ ਕਿਉਂਕਿ ! ਜੋ ਆਇਆ ਸੋ ਚੱਲਸੀ। ਜੋ ਘੜਿਆ ਸੋ ਭੱਜਸੀ ਜਿਹੜਾ ਆਇਆ ਉਸਨੇ ਇੱਕ ਦਿਨ ਜਾਣਾ ਵੀ ਹੈ। ਕਵੀ ਲਿਖਦਾ ਹੈ

ਨਾ ਧੁੱਪ ਰਹਿਣੀ ਨਾ ਛਾਂ ਬੰਦਿਆਂ
ਨਾ ਪਿਓ ਰਹਿਣਾ ਨਾ ਮਾਂ ਬੰਦਿਆਂ
ਹਰ ਸੈਅ ਨੇ ਆਖਰ ਮੁੱਕ ਜਾਣਾ
ਇੱਕ ਰਹਿਣਾ ਰੱਬ ਦਾ ਨਾਂ ਬੰਦਿਆਂ

ਲਾਈ ਹਯਾਤ ਆਏ, ਕਜ਼ਾ ਲੇ ਚਲੀ ਚਲੇ
ਅਪਨੀ ਖੁਸ਼ੀ ਨਾ ਆਏ ਨਾ ਅਪਨੀ ਖੁਸ਼ੀ ਚਲੇ''

ਜੰਮਣ ਮਰਨਾ ਕਰਤੇ ਕੀ ਕਾਰ ਹੈ ਸਿੱਖ ਸਦਾ ਭਾਣੇ ਵਿਚ ਵੱਸਣ ਵਾਲਾ ਹੈ ਤੁਸੀਂ ਵੀ ਉਸਦੇ ਭਾਣੇ ਵਿੱਚ ਰਾਜ਼ੀ ਰਿਹੋ। ਮਹਾਰਾਜਾ ਰਣਜੀਤ ਸਿੰਘ ਜੀ ਨੇ ਖਾਲਸੇ ਨੂੰ ਅੰਤਮ ਓਪਦੇਸ਼ ਇਉਂ ਦਿੱਤਾ।

ਮਿਰਜਾ ਵਾਰ - 2

ਮਹਾਰਾਜਾ ਰਣਜੀਤ ਸਿੰਘ
ਸੀ ਹੋਇਆ ਸਖ਼ਤ ਬੀਮਾਰ
ਉਹਨੇ ਆਣ ਹਜੂਰੀ ਬਾਗ ਵਿੱਚ
ਲਾਇਆ ਅੰਤਮ ਦਰਬਾਰ
ਆਪਣੇ ਸਾਕ ਸਬੰਧੀ ਸੱਦ ਲੈ
ਜਰਨੈਲ ਵਜ਼ੀਰ ਸਰਦਾਰ
ਸੁਣ ਲਓ ਅਰਜ਼ ਸੁਣਾਵਾਂ ਖਾਲਸਾ
ਗੱਲ ਸੁਣ ਲਓ ਨਾਲ ਪਿਆਰ
ਮੈਂ ਤਾਂ ਸੇਵਾ ਕੀਤੀ ਤੁਸਾਂ ਦੀ
ਹੈ ਬਣਕੇ ਸੇਵਾਦਾਰ
ਜਿਹੜਾ ਆਇਆ ਉਸਨੇ ਜਾਵਣਾ
ਜੱਗ ਮੇਲਾ ਦੋ ਦਿਨ ਚਾਰ
ਏਥੇ ਜੋ ਆਇਆ ਸੋ ਚੱਲਸੀ
ਸਭ ਤੁਰ ਗਏ ਆਖਰਕਾਰ
ਜੰਮਣ ਮਰਨਾ ਰੱਬ ਦੇ ਹੱਥ ਚੁ
ਉਹ ਕਰਣਹਾਰ ਕਰਤਾਰ
ਉਹਦਾ ਭਾਣਾ ਮਿੱਠਾ ਮੰਨਿਓ
ਇਹ ਹੈ ਕਰਤੇ ਦੀ ਕਾਰ
ਜਾਂਦੀ ਵਾਰ ਤੁਹਾਨੂੰ ਕਹਿ ਦਿਆਂ
ਇਹ ਫੁੱਟ ਬੁਰੀ ਬਦਕਾਰ
ਬਚਿਓ ਫੁੱਟ ਚੰਦਰੀ ਦੀ ਮਾਰ ਤੋਂ

ਨਾ ਆਊ ਕਦੇ ਵੀ ਹਾਰ
ਆਪਸ ਵਿੱਚ ਪਾੜਾ ਨਾ ਪਾ ਲਿਓ
ਰਲ ਬਹਿ ਜੋ ਮੇਰੇ ਯਾਰ
ਯਾਰੀ ਵੇਖੀ ਹਰਦਮ ਜਿੱਤਦੀ
ਤੇ ਸੱਜਣਾਂ ਬਾਝੋ ਹਾਰ
ਮਿੱਤਰ ਮਿੱਤਰਾਂ ਦੇ ਕੰਮ ਆਂਵਦੇ
ਨਾ ਕਰਿਓ ਮਿੱਤਰ ਮਾਰ
ਗੱਲਾਂ ਚੇਤੇ ਰੱਖਿਓ ਸਾਰੀਆਂ
ਕਹੇ ''ਸੇਵਕ ਸਿੰਘ'' ਉਚਾਰ
ਕਹੇ ''ਸੇਵਕ ਸਿੰਘ'' ਉਚਾਰ

ਪ੍ਰਚਾਰ ਨੰ : 3

ਮਹਾਰਾਜਾ ਰਣਜੀਤ ਸਿੰਘ ਨੇ ਖਾਲਸੇ ਨੂੰ ਇਕੱਤਰ ਕਰਕੇ ਆਖਿਆ ਮੇਰੇ ਕੋਲੋਂ ਜੋ ਸਰ ਆਈ ਏ, ਤੁਹਾਡੀ ਸੇਵਾ ਕਰ ਚੱਲਿਆ ਹਾਂ। ਹੰਨੇ ਹੰਨੇ ਦੀ ਸਰਦਾਰੀ ਦੇ ਮਣਕੇ ਕੱਠੇ ਕਰਕੇ ਇੱਕ ਕੈਂਠਾ ਬਣਾ ਦਿੱਤਾ ਹੈ। ਪਰ ਇੱਕ ਲੜੀ ਵਿੱਚ ਪਰੁੱਚੇ ਰਿਹੋ। ਮਿਲੇ ਰਹੋਗੇ ਤਾਂ ਬਾਦਸ਼ਾਹ ਬਣੇ ਰਹੋਗੇ, ਨਿਖੜ ਜਾਉਗੇ, ਤਾਂ ਮਾਰੇ ਜਾਉਗੇ। ਤੁਹਾਡੇ ਪਰਤਾਪ ਦੇ ਸਾਹਮਣੇ ਖੈਬਰ ਦੀਆਂ ਪਹਾੜੀਆਂ ਕੰਬ ਰਹੀਆਂ ਹਨ। ਤੁਹਾਡੇ ਇਕਬਾਲ ਅੱਗੇ ਅਸਮਾਨ ਥਰ ਥਰ ਕੰਬ ਰਿਹਾ ਹੈ। ਤੁਹਾਡੀ ਤੇਗ਼ ਦੀ ਧਾਕ ਸਾਰੀ ਦੁਨੀਆਂ ਵਿੱਚ ਪਈ ਹੋਈ ਹੈ। ਡਰ ਹੈ ਤਾਂ ਏਸ ਗੱਲ ਦਾ ਕੇ ਕਿਤੇ ਇਹ ਤੇਗ਼ ਤੁਹਾਡੇ ਆਪਣੇ ਘਰ ਵਿੱਚ ਨਾ ਖੜਕਣ ਲੱਗ ਪਵੇ। ਤੁਹਾਡੇ ਬਰਛਿਆਂ ਦੀ ਪਾਣ, ਤੁਹਾਡੇ ਆਪਣੇ ਲਹੂ ਵਿੱਚ ਨਾ ਉਤਰਨ ਲੱਗ ਪਵੇ। ਖਾਲਸਾ ਜੀ ! ਤੁਸੀਂ ਅੰਮ੍ਰਿਤਧਾਰੀ ਸਿੱਖ ਹੋ ਗਰੀਬ ਦੀ ਮਦਦ ਕਰਿਓ ਆਪਸ ਵਿੱਚ ਫੁੱਟ ਨਾ ਪੈਣ ਦਿਓ। ਫੁੱਟ ਦਾ ਸ਼ਿਕਾਰ ਹੋ ਕੇ ਕਿਤੇ ਰੁਲ ਨਾ ਜਾਇਓ ਕਿਹੜਾ ਘਰ ਹੈ ਜੋ ਫੁੱਟ ਨੇ ਬਰਬਾਦ ਨਹੀਂ ਕੀਤਾ। ਹਿੰਦੀ ਦੇ ਮਹਾਂ ਕਵੀ 'ਗੰਗ' ਨੇ ਕਿਆ ਸੋਹਣਾ ਲਿਖਾ ਹੈ ।

ਫੂਟ ਗਏ ਹੀਰਾ ਕੀ ਬਿਕਾਨੀ ਕਨੀ ਹਾਟ ਹਾਟ
ਕਾਹੂੰ ਘਾਟ ਮੋਲ, ਕਾਹੂੰ ਬਾੜ ਮੋਲ ਕੋ ਲਯੋ
ਟੂਟ ਗਈ ਲੰਕਾ, ਫੂਟ ਮਿਲਿਓ ਜੋ ਵਿਭੀਖਣ ਹੈ
ਰਾਵਨ ਸਮੇਤ ਬੰਸ ਆਸਮਾਨ ਕੋ ਗਯੋ
ਕਹੈ ਕਵੀ 'ਗੰਗ' ਦੁਰਯੋਧਨ ਸੇ ਛਤਰਧਾਰੀ
ਤਨਕ ਮੇ ਫੂਟੇ ਤੇ ਗੁਮਾਨ ਵਾਕੋ ਨੈ ਗਯੋ
ਫੂਟੇ ਤੇ ਨਰਦ ਉਠ ਜਾਤ ਬਾਜੀ ਚੌਸਰ ਕੀ
ਆਪਸ ਕੇ ਫੂਟੇ ਕਹੁ ਕੌਨ ਕੋ ਭਲੋ ਭਯੋ

ਮਹਾਰਾਜਾ ਰਣਜੀਤ ਸਿੰਘ ਨੇ ਆਖਿਆ ਖਾਲਸਾ ਜੀ! ਆਪਸ ਵਿੱਚ ਕੱਠੇ ਹੋ ਕੇ ਰਿਹੋ, ਆਪਸ ਵਿੱਚ ਫੁੱਟ ਨਾ ਪੈਣ ਦਿਓ। ਦੁਸ਼ਮਣ ਦੀਆਂ ਚਾਲਾਂ ਤੋਂ ਸਾਵਧਾਨ ਹੋ ਕੇ ਰਿਹੋ। ਮਹਾਰਾਜ ਰਣਜੀਤ ਸਿੰਘ ਜਿਵੇਂ ਸਿੱਖਿਆ ਦੇ ਰਹੇ ਹਨ। ਇਉਂ ਬਿਆਨ ਕੀਤਾ ਜਾ ਰਿਹਾ ਹੈ।

ਦੋਤਾਰਾ -3

ਕੱਠੇ ਕਰ ਸਿੱਖਾਂ ਨੂੰ ਕਹਿੰਦਾ ਸਿੰਘ ਰਣਜੀਤ ਸੁਨਾਕੇ
ਆਪਸ ਵਿੱਚ ਲੜਿਓ ਨਾ ਰੱਖਿਓ ਪ੍ਰੇਮ ਪ੍ਰੀਤਾਂ ਪਾ ਕੇ
ਸਿਰ ਮੱਥੇ ਮੰਨ ਲਿਓ ਮੇਰਾ ਜਾਂਦੀ ਵਾਰ ਦਾ ਕਹਿਣਾ
ਦੁਸ਼ਮਣ ਦੀਆਂ ਚਾਲਾਂ ਤੋਂ ਖਾਲਸਾ ਸਾਵਧਾਨ ਹੋ ਰਹਿਣਾ

ਫੁੱਟ ਬੁਰੀ ਬਲਾ ਹੁੰਦੀ ਇਹ ਫੁੱਟ ਜਿੱਥੇ ਜਿੱਥੇ ਵੜਗੀ
ਉਹ ਮਰ ਮੁੱਕ ਜਾਂਦੀ ਏ ਕੌਮ ਜੋ ਫੁੱਟ ਦੀ ਭੇਟਾ ਚੜਗੀ
ਵੱਖ ਵੱਖ ਨਾ ਹੋਇਓ ਜੇ ਜੇਕਰ ਚਾਹੁੰਦੇ ਹੋ ਸੁਖ ਲੈਣਾ
ਦੁਸ਼ਮਣ ਦੀਆਂ ਚਾਲਾਂ ਤੋਂ ਖਾਲਸਾ ਸਾਵਧਾਨ ਹੋ ਰਹਿਣਾ

ਗੈਰਾਂ ਦੇ ਅੱਗੇ ਨਾ ਖਾਲਸਾ ਸਿਰ ਨੂੰ ਕਦੇ ਝੁਕਾਉਣਾ
ਸਿੱਖਾਂ ਦੇ ਝੰਡੇ ਨੂੰ ਸਭ ਤੋਂ ਉੱਚਾ ਹੈ ਲਹਿਰਾਉਣਾ
ਜਾਲਮ ਦੇ ਜੁਲਮਾਂ ਨੂੰ ਹੱਸਦੇ ਹੱਸਦੇ ਤਨ ਤੇ ਸਹਿਣਾ
ਦੁਸ਼ਮਣ ਦੀਆਂ ਚਾਲਾਂ ਤੋਂ ਖਾਲਸਾ ਸਾਵਧਾਨ ਹੋ ਰਹਿਣਾ

ਜੇ ਅਣਖ਼ ਨੂੰ ਵੇਚੋਗੇ ਛੱਡ ਕੇ ਧਰਤੀ ਮਾਤਾ ਸੋਹਣੀ
ਇਹ ਭੜਕੂ ਹਰ ਵੇਲੇ ਨਾ ਮੇਰੀ ਸਾਂਤ ਆਤਮਾ ਹੋਣੀ
ਭਾਰਤ ਦੇ ਵਾਸੀ ਹੋ ਹੁੰਦਾ ਦੇਸ਼ ਆਪਣਾ ਗਹਿਣਾ
ਦੁਸ਼ਮਣ ਦੀਆਂ ਚਾਲਾਂ ਤੋਂ ਖਾਲਸਾ ਸਾਵਧਾਨ ਹੋ ਰਹਿਣਾ

ਗਲ ਲਾਓ ਗਰੀਬਾਂ ਨੂੰ ਭਰਿਓ ਸਦਾ ਸੱਚ ਦੀ ਹਾਮੀ
ਮਰ ਮਿਟਿਓ ਕੌਮ ਲਈ ਕਿਸੇ ਦੀ ਕਰਨੀ ਨਹੀਂ ਗੁਲਾਮੀ
ਮਟਕਾਂ ਨਾਲ ਤੁਰਨਾ ਤੇ ਸਦ ਦਰੀਆਵਾਂ ਵਾਂਗੂੰ ਵਹਿਣਾ
ਦੁਸ਼ਮਣ ਦੀਆਂ ਚਾਲਾਂ ਤੋਂ ਖਾਲਸਾ ਸਾਵਧਾਨ ਹੋ ਰਹਿਣਾ
ਦਿਨ ਦੋ ਜਾਂ ਚਾਰ ਬਚੇ ਮੈਂ ਤਾਂ ਛੱੜ ਜਾਣਾ ਸੰਸਾਰ
ਹੁਣ ਤਖ਼ਤ ਤੇ ਬੈਠੂਗਾ ਟਿੱਕਾ ਖੜਕ ਸਿੰਘ ਸਰਦਾਰ
ਹਰ ਹੁਕਮ ਆ ਗਿਆ ਏ ਹਰ ਦੇ ਹੁਕਮ ਨੂੰ ਮੰਨਣਾ ਪੈਣਾ
ਦੁਸ਼ਮਣ ਦੀਆਂ ਚਾਲਾਂ ਤੋਂ ਖਾਲਸਾ ਸਾਵਧਾਨ ਹੋ ਰਹਿਣਾ

ਸੋਹਣਿਆਂ ਤੋਂ ਸੋਹਣਾ ਏ ਸੋਹਣਾ ਖਿੜਿਆ ਫੁੱਲ ਗੁਲਾਬ
ਮੇਰੀ ਅੰਤਮ ਇੱਛਾ ਹੈ ਮੇਰਾ ਵੱਸਦਾ ਰਹੇ ਪੰਜਾਬ
ਗੁਰਸੇਵਕ ਸਿੰਘ ਆਖੇ ਬਣਿਆਂ ਬੁੱਤ ਮਿੱਟੀ ਦਾ ਢਹਿਣਾ
ਦੁਸ਼ਮਣ ਦੀਆਂ ਚਾਲਾਂ ਤੋਂ ਖਾਲਸਾ ਸਾਵਧਾਨ ਹੋ ਰਹਿਣਾ

ਪ੍ਰਚਾਰ ਨੰ : 4

ਮਹਾਰਾਜਾ ਰਣਜੀਤ ਸਿੰਘ ਜੀ ਨੇ ਸਾਰਿਆਂ ਨੂੰ ਇਹ ਸਿੱਖਿਆ ਦਿੱਤੀ ਕਿ ਆਪਸ ਵਿੱਚ ਲੜਿਓ ਨਾ ਜਿਸ ਪਰੀਵਾਰ ਦੇ ਮੈਂਬਰ ਆਪਸ ਵਿੱਚ ਇਕੱਠੇ ਰਹਿੰਦੇ ਹਨ ਉਹਨਾਂ ਦੀ ਹਮੇਸ਼ਾ ਜਿੱਤ ਹੁੰਦੀ ਹੈ।

ਉਹ ਖੇਡ ਖਿਡਾਰੀ ਨੇ ਜਿੱਤ ਲੈਂਦੇ
ਜਿਹੜੇ ਏਕਤਾ ਵਿੱਚ ਇੱਕ ਜੁੱਟ ਹੋਵਣ

ਉਹਨਾਂ ਯਾਰਾਂ ਦੀ ਯਾਰੀ ਤੋਂ ਜੱਗ ਕੰਬੇ
ਜਿਹੜੇ ਯਾਰ ਨਾ ਕਦੇ ਵੀ ਟੁੱਟ ਹੋਵਣ
ਨਾਮ ਜਪ ਦੇ ਵੰਡ ਕੇ ਛਕਦੇ ਜੋ
ਉਹ ਦੁਨੀਆਂ ਦੇ ਵਿੱਚ ਨਾ ਲੁਟ ਹੋਵਣ
''ਸੇਵਕ ਸਿੰਘਾਂ'' ਉਹ ਘਰ ਨੇ ਸੁਖੀ ਵੱਸਦੇ
ਜਿਹੜੇ ਘਰ ਦੇ ਜੀਅ ਇੱਕ ਮੁੱਠ ਹੋਵਣ

ਮਹਾਰਾਜਾ ਰਣਜੀਤ ਸਿੰਘ ਨੇ ਖਾਲਸੇ ਨੂੰ ਇਕੱਠੇ ਰਹਿਣ ਦਾ ਸਬਕ ਸਿਖਾਇਆ ਤੇ ਆਖਿਆ ਛੇ ਸੌ ਸਾਲ ਬਾਅਦ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅਪਾਰ ਕਿਰਪਾ ਤੇ ਤੁਹਾਡੀ ਬਹਾਦਰੀ ਸਦਕਾ ਪੰਜਾਬ ਵਿੱਚ ਫਿਰ ਪੰਜਾਬੀ ਸਿੱਖਾਂ ਦਾ ਰਾਜ ਕਾਇਮ ਹੋਇਆ ਹੈ, ਇਸ ਨੂੰ ਸੰਭਾਲੀ ਰੱਖਿਓ ! ''ਦੁਸ਼ਮਣ ਦੀਆਂ ਚਾਲਾਂ ਤੋਂ ਸਾਵਧਾਨ ਹੋ ਕੇ ਰਹਿਣਾ। ਮੈਨੂੰ ਅਜ਼ਾਦੀ ਜਾਨੋ ਵੱਧ ਪਿਆਰੀ ਹੈ। ਸਿੰਘਾਂ ਦੇ ਝੰਡੇ ਸਦਾ ਉੱਚੇ ਰਹਿਣ ਇਹ ਮੇਰੀ ਅੰਤਮ ਇੱਛਾ ਹੈ। ਓਪਰੇ ਲੋਕ ਪੰਜਾਬ ਦੀ ਧਰਤੀ ਉਤੇ ਪੈਰ ਧਰਨਗੇ ਤਾਂ ਮੇਰੀ ਛਾਤੀ ਉਪਰ ਧਰਨਗੇ। ਗੈਰਾਂ ਦੇ ਝੰਡੇ ਸਾਹਮਣੇ ਝੁਕਣਾ, ਮੇਰੀ ਅਣਖ ਨੂੰ ਵੇਚਣ ਵਾਲੀ ਗੱਲ ਹੋਵੇਗੀ। ਜੇ ਤੁਸੀਂ ਕਿਸੇ ਦੇ ਗੁਲਾਮ ਬਣ ਗਏ ਤਾਂ ਮੇਰੀ ਰੂਹ ਕਲਪੇਗੀ। -------- ਹੁਣ ਸਮਾਂ ਨਹੀਂ ਹੈ ਕਿ ਮੈਂ ਕੁਝ ਹੋਰ ਕਹਿ ਸਕਾਂ। ਟਿੱਕਾ ਖੜਕ ਸਿੰਘ ਨੂੰ ਹੁਣੇ ਮੇਰੇ ਕੋਲ ਲਿਆਂਦਾ ਜਾਵੇ। ਖੜਕ ਸਿੰਘ ਨੂੰ ਮਹਾਰਾਜਾ ਸਾਹਿਬ ਦੇ ਕੋਲ ਲਿਆਂਦਾ ਗਿਆ । ਮਹਾਰਾਜੇ ਨੇ ਆਪਣੇ ਹੱਥੀਂ ਟਿੱਕਾ ਖੜਕ ਸਿੰਘ ਨੂੰ ਤਿਲਕ ਲਗਾ ਕੇ ਪੰਜਾਬ ਦਾ ਮਾਲਕ ਕਿਵੇਂ ਥਾਪਿਆ ਇਸ ਕਵਿਤਾ ਵਿੱਚ ਇਉਂ ਬਿਆਨ ਕੀਤਾ ਜਾ ਰਿਹਾ ਹੈ।

ਕੋਰੜਾ 4

1.

ਸ਼ੇਰੇ-ਪੰਜਾਬ ਹੁਕਮ ਸੁਨਾਇਆ ਏ
ਸਾਹਿਬਜ਼ਾਦੇ ਤਾਂਈ ਸੱਦ ਕੇ ਬੁਲਾਇਆ ਏ
ਆਪਣੀ ਜਗਾ ਤੇ ਵਾਰਸ ਬਣਾਇਆ ਏ
ਰਾਜ ਤਿਲਕ ਖੜਕ ਸਿੰਘ ਨੂੰ ਲਗਾਇਆ ਏ

2.

ਰਾਜ ਤਖ਼ਤ ਦੀਆਂ ਜ਼ਿੰਮੇਵਾਰੀਆਂ
ਉਸ ਹੱਥ ਸੌਂਪ ਦਿੱਤੀਆਂ ਸੀ ਸਾਰੀਆਂ
ਸੌਂਪਤੇ ਖਜਾਨੇ ਅਨਮੁੱਲੀ ਮਾਇਆ ਏ
ਰਾਜ ਤਿਲਕ ਖੜਕ ਸਿੰਘ ਨੂੰ ਲਗਾਇਆ ਏ

3.

ਦਇਆ ਵਾਨ ਪਰ ਉਪਕਾਰੀ ਜਾਣ ਕੇ
ਸੂਰਮਾਂ ਦਲੇਰ ਗੁਣਕਾਰੀ ਜਾਣ ਕੇ
ਰਾਜਨੀਤੀ ਵਾਲਾ ਗੁਰ ਸਮਝਾਇਆ ਏ
ਰਾਜ ਤਿਲਕ ਖੜਕ ਸਿੰਘ ਨੂੰ ਲਗਾਇਆ ਏ

4.

ਸਭ ਤੋਂ ਪਿਆਰਾ ਵਫ਼ਾਦਾਰ ਜਾਣਿਆ
ਪਰਜਾ ਦਾ ਓਸ ਨੂੰ ਸੀ ਯਾਰ ਜਾਣਿਆ

ਪ੍ਰੇਮ ਕਸੌਟੀ ਉਤੇ ਪਰਖਾਇਆ ਏ
ਰਾਜ ਤਿਲਕ ਖੜਕ ਸਿੰਘ ਨੂੰ ਲਗਾਇਆ ਏ

5.

ਆਉਣ ਵਾਲੇ ਸਮੇਂ ਦੀ ਬਤਾਈ ਗੱਲ ਆ
ਬੀਤ ਚੁੱਕੇ ਸਮੇਂ ਦੀ ਸੁਨਾਈ ਗੱਲ ਆ
ਜਿੰਮੇਂਵਾਰੀ ਵਾਲਾ ਭਾਰ ਸਿਰ ਤੇ ਪਾਇਆ ਏ
ਰਾਜ ਤਿਲਕ ਖੜਕ ਸਿੰਘ ਨੂੰ ਲਗਾਇਆ ਏ

6.

ਜਿੰਮੇਵਾਰੀ ਸਾਰੀ ਉਹਨੂੰ ਸਮਝਾ ਦਿੱਤੀ
ਬਾਂਹ ਉਹਦੀ ਧਿਆਨ ਸਿੰਘ ਨੂੰ ਫੜਾ ਦਿੱਤੀ
ਜਾਂਦੀ ਵਾਰੀ ਇਹ ਕਰਮ ਕਮਾਇਆ ਏ
ਰਾਜ ਤਿਲਕ ਖੜਕ ਸਿੰਘ ਨੂੰ ਲਗਾਇਆ ਏ

7.

ਸਿੱਖ ਇਤਿਹਾਸ ਦੇ ਖਿਆਲ ਦੱਸਦੀ
ਕਲਮ ਹੈ ਅੱਗੇ ਦਾ ਹਵਾਲ ਦੱਸਦੀ
ਗੁਰਸੇਵਕ ਨੇ ਛੰਦ ਨੂੰ ਬਣਾਇਆ ਏ
ਰਾਜ ਤਿਲਕ ਖੜਕ ਸਿੰਘ ਨੂੰ ਲਗਾਇਆ ਏ

ਪ੍ਰਚਾਰ ਨੰ: 5

ਟਿੱਕਾ ਖੜਕ ਸਿੰਘ ਨੂੰ ਰਾਜ ਤਿਲਕ ਦੇ ਕੇ ਉਸ ਦੀ ਬਾਂਹ ਰਾਜਾ ਧਿਆਨ ਸਿੰਘ ਦੇ ਹੱਥ ਫੜਾ ਦਿੱਤੀ। ਸਭਨਾਂ ਦੇ ਸਾਮ੍ਹਣੇ ਰਾਜਾ ਧਿਆਨ ਸਿੰਘ (ਜੰਮੂ ਦਾ ਡੋਗਰਾ) ਨੂੰ ਮਹਾਰਾਜ ਖੜਕ ਸਿੰਘ ਦਾ 'ਵਜ਼ੀਰ' ਥਾਪਿਆ। 'ਗੀਤਾ' ਉਤੇ ਹੱਥ ਧਰ ਕੇ ਧਿਆਨ ਸਿੰਘ ਨੇ ਰਾਜ-ਭਗਤ ਤੇ ਮਹਾਰਾਜਾ ਖੜਕ ਸਿੰਘ ਦਾ ਵਫ਼ਾਦਾਰ ਰਹਿਣ ਦੀ ਕਸਮ ਖਾਧੀ। ਮਹਾਰਾਜਾ ਰਣਜੀਤ ਸਿੰਘ ਜੀ ਨੇ ਅੰਤਮ ਵੇਲੇ ਧਿਆਨ ਸਿੰਘ ਨਾਲ ਵਿਚਾਰ ਸਾਂਝੇ ਕੀਤੇ।

ਅੰਤਮ ਵੇਲੇ ਆਖਦਾ ਹੈ ਸਿੰਘ ਰਣਜੀਤ
ਧਿਆਨ ਸਿੰਘਾਂ ਤੂੰ ਹੈ ਮੇਰਾ ਗੂੜਾ ਮੀਤ
ਖੜਕ ਸਿੰਘ ਦੇ ਨਾਲ ਪਾ ਲਈ ਗੂੜੀ ਪ੍ਰੀਤ
ਸਾਥ ਨਿਭਾਵੀਂ ਓਸਦਾ ਬਣਕੇ ਮਨ ਮੀਤ
ਵਫ਼ਾਦਾਰੀ ਦੀ ਜੱਗ ਤੇ ਕਾਇਮ ਰੱਖੀਂ ਰੀਤ
ਲਾਲਚ ਦੇ ਵਿੱਚ ਆਣ ਕੇ ਨਾ ਬਦਲੀ ਨੀਤ
ਅਣਖ ਆਨ ਨੂੰ ਵੇਚਣਾ ਇਹ ਨਹੀਂਓ ਠੀਕ
ਗੀਤਾ ਉਤੇ ਆਪਣੀ ਰੱਖੀਂ ਪਰਤੀਤ
ਸੇਵਕ ਸਿੰਘਾ, ਕਦੇ ਨਾ ਹੋਵੀਂ ਬਦਨੀਤ

ਮਹਾਰਾਜਾ ਰਣਜੀਤ ਸਿੰਘ ਨੇ ਧਿਆਨ ਸਿੰਘ ਡੋਗਰੇ ਨੂੰ ਆਖਿਆ ਧਿਆਨ ਸਿੰਘਾਂ ! ਤੂੰ ਮੇਰਾ ਗੂੜਾ ਯਾਰ ਹੈ, ਮੇਰੇ ਦਿਲ ਦਾ ਮਹਿਰਮ ਹੈ। ਰਾਜਨੀਤੀ ਵਿੱਚ ਨਿਪੁੰਨ ਹੈ। ਮੇਰੀਆਂ ਕੁਝ ਗੱਲਾਂ ਯਾਦ ਰੱਖੀਂ। ਮੇਰੇ ਖੜਕ

ਨੂੰ ਮੇਰਾ ਹੀ ਰੂਪ ਸਮਝੀ ਤੇ ਇਸਦਾ ਸਦਾ ਸਾਥ ਨਿਭਾਵੀਂ। ਜਿਹੜਾ ਸਵੈਰਾਜ ਦਾ ਬਾਗ ਮੈਂ ਲਾ ਚੱਲਿਆ ਹਾਂ। ਇਸ ਨੂੰ ਸੁੱਕਣ ਨਾ ਦੇਈਂ ਬਾਦਸ਼ਾਹੀ ਦੀ ਡੋਰ ਤੇਰੇ ਹੱਥ ਹੈ ਅਕਾਸ਼ ਵਿੱਚ ਚੜੀ ਹੋਈ ਗੁੱਡੀ ਥੱਲੇ ਨਾ ਗਿਰਾ ਦੇਵੀਂ ਛੇ ਸੌ ਸਾਲ ਬਾਅਦ ਪੰਜਾਬੀਆਂ ਦਾ ਰਾਜ ਮੁੜ ਸਥਾਪਿਤ ਹੋਇਆ ਏ ਕਿਸੇ ਖੁਦਗਰਜ਼ੀ ਵਿੱਚ ਆਣ ਕੇ ਇਸ ਨੂੰ ਮਿੱਟੀ ਵਿੱਚ ਨਾ ਮਿਲਾ ਦੇਵੀਂ ਮਹਾਰਾਜਾ ਰਣਜੀਤ ਸਿੰਘ ਨੇ ਧਿਆਨ ਸਿੰਘ ਨੂੰ ਕੀ ਕੀ ਆਖਿਆ ਇਸ ਕਵਿਤਾ ਵਿੱਚ ਇਉਂ ਬਿਆਨ ਹੈ।

ਬੈਂਤ -5

ਮੇਰਾ ਅੰਤਮ ਸਮਾਂ ਹੁਣ ਆ ਗਿਆ ਏ
ਮਹਾਰਾਜ ਨੇ ਆਖ ਸੁਨਾਇਆ ਏ
ਖੜਕ ਸਿੰਘ ਨੂੰ ਰਾਜ ਮੈਂ ਸੌਂਪ ਦਿੱਤਾ
ਰਾਜਾ ਏਸਨੂੰ ਅਸੀਂ ਬਣਾਇਆ ਏ
ਇਹਦੇ ਹੁਕਮ ਦੇ ਵਿੱਚ ਤੂੰ ਚੱਲਣਾ ਏ
ਗੱਲ ਸੁਣ ਲੈ ਗੂੜ ਗਿਆਨ ਸਿੰਘਾਂ !
ਸ਼ੇਰੇ ਪੰਜਾਬ ਨੇ ਆਖਿਆ ਅੰਤ ਵੇਲੇ
ਗੱਲ ਧਿਆਨ ਨਾਲ ਸੁਣੀ, ਧਿਆਨ ਸਿੰਘਾਂ !

2.

ਮੇਰਾ ਭੇਤੀ ਤੇ ਯਾਰਾਂ ਦਾ ਯਾਰ ਹੈ ਤੂੰ
ਮੇਰੇ ਦਿਲ ਦੀਆਂ ਗੱਲਾਂ ਤੂੰ ਜਾਣਦਾ ਏ

ਅਕਲ ਸ਼ਕਲ ਤੇ ਨੀਤੀ ਵਿੱਚ ਤੂੰ ਪੂਰਾ
ਮੇਰੀ ਪਰਜਾ ਦੀ ਰਮਜ਼ ਪਛਾਣਦਾ ਏ
ਨੀਵਾਂ ਹੋ ਕੇ ਨੇਕੀਆਂ ਖੱਟ ਲਈ ਓਏ
ਕੀਤੀ ਉਤੇ ਨਾ ਕਰੀਂ ਤੂੰ ਮਾਣ ਸਿੰਘਾਂ !
ਸ਼ੇਰੇ ਪੰਜਾਬ ਨੇ ਆਖਿਆ ਅੰਤ ਵੇਲੇ
ਗੱਲ ਧਿਆਨ ਨਾਲ ਸੁਣੀ, ਧਿਆਨ ਸਿੰਘਾਂ !

3.

ਸਿੱਖ ਰਾਜ ਦਾ ਮਹਿਲ ਉਸਾਰਿਆ ਮੈਂ
ਵੇਖੀਂ ਏਸਨੂੰ ਕਦੇ ਨਾ, ਢਹਿਣ ਦੇਵੀਂ!
ਮੇਰੀ ਕੀਤੀ ਕਮਾਈ ਨੂੰ ਕਾਇਮ ਰੱਖੀ
ਵੇਖੀਂ ਕੂੜ ਦੇ ਵਹਿਣ ਨਾ, ਵਹਿਣ ਦੇਵੀਂ!
ਮੇਰੇ ਜਾਣ ਪਿੱਛੋਂ ਭੁੱਲ ਜਾਈਂ ਨਾ ਤੂੰ
ਯਾਦ ਰੱਖੀਂ ਤੂੰ ਮੇਰੇ, ਫੁਰਮਾਣ ਸਿੰਘਾਂ !
ਸ਼ੇਰੇ ਪੰਜਾਬ ਨੇ ਆਖਿਆ ਅੰਤ ਵੇਲੇ
ਗੱਲ ਧਿਆਨ ਨਾਲ ਸੁਣੀ, ਧਿਆਨ ਸਿੰਘਾਂ !

4.

ਮੇਰੇ ਖੜਕ ਨੂੰ ਮੇਰਾ ਹੀ ਰੂਪ ਜਾਣੀ
ਬਾਲਕ ਜਾਣਕੇ ਉਹਨੂੰ ਸਮਝਾਈਂ ਰੱਖੀਂ
ਵਫਾਦਾਰ ਬਣਕੇ ਕਰੀਂ ਵਫ਼ਾਦਾਰੀ
ਦੁੱਖ ਪਰਜਾ ਦਾ ਸਦਾ ਵੰਡਾਈ ਰੱਖੀਂ
ਕਿਸੇ ਨਾਲ ਨਾ ਵਿਤਕਰਾ ਹੋਣ ਦੇਵੀਂ

ਸਮਝੀ ਸਭ ਨੂੰ ਇੱਕ ਸਮਾਨ ਸਿੰਘਾਂ !
ਸ਼ੇਰੇ ਪੰਜਾਬ ਨੇ ਆਖਿਆ ਅੰਤ ਵੇਲੇ
ਗੱਲ ਧਿਆਨ ਨਾਲ ਸੁਣੀ, ਧਿਆਨ ਸਿੰਘਾਂ !

5.

ਮੇਰੀਆਂ ਨੇਕੀਆਂ ਸਦਾ ਹੀ ਯਾਦ ਰੱਖੀਂ
ਨੇਕੀ ਬੂਟੇ ਨੂੰ ਸਦਾ ਹੀ ਲਾਈ ਰੱਖੀਂ
ਸੁੱਕਣ ਦੇਈਂ ਨਾ ਨੇਕੀ ਦੇ ਬੂਟੜੇ ਨੂੰ
ਪਾਣੀ ਸੱਚ ਦਾ ਸਦਾ ਹੀ ਪਾਈਂ ਰੱਖੀਂ
ਜਿਹੜਾ ਚੱਲਦਾ ਨੇਕੀ ਦੇ ਰਸਤੇ ਤੇ
ਬੰਦਾ ਹੁੰਦਾ ਹੈ ਉਹੀ, ਮਹਾਨ ਸਿੰਘਾਂ !
ਸ਼ੇਰੇ ਪੰਜਾਬ ਨੇ ਆਖਿਆ ਅੰਤ ਵੇਲੇ
ਗੱਲ ਧਿਆਨ ਨਾਲ ਸੁਣੀ, ਧਿਆਨ ਸਿੰਘਾਂ !

6.

ਪੰਜ ਆਬ ਦੀ ਧਰਤ ਪੰਜਾਬ ਦੀ ਏ
ਇਸਦੇ ਵਿੱਚ ਹੀ ਮੇਰੀ ਜਿੰਦ ਜਾਨ ਵੱਸੇ
ਵੇਖੀਂ ਨਜ਼ਰ ਨਾ ਕਿਸੇ ਦੀ ਲੱਗ ਜਾਵੇ
ਮੇਰਾ ਦੇਸ਼ ਪੰਜਾਬ ਮਹਾਨ ਵੱਸੇ
ਰਹੀਂ ਦੇਸ਼ ਦਾ ਸਦਾ ਵਫ਼ਾਦਾਰ ਬਣਕੇ
ਬਣ ਜਾਈਂ ਨਾ ਕਿਤੇ, ਸ਼ੈਤਾਨ ਸਿੰਘਾਂ !
ਸ਼ੇਰੇ ਪੰਜਾਬ ਨੇ ਆਖਿਆ ਅੰਤ ਵੇਲੇ
ਗੱਲ ਧਿਆਨ ਨਾਲ ਸੁਣੀ, ਧਿਆਨ ਸਿੰਘਾਂ !

7.

ਛੇ ਸੌ ਸਾਲ ਤੋਂ ਫੇਰ ਪੰਜਾਬ ਅੰਦਰ
ਕਾਇਮ ਕੀਤਾ ਮੈਂ ਰਾਜ ਪੰਜਾਬੀਆਂ ਦਾ
ਵੇਖੀਂ ਗੈਰਾਂ ਦੇ ਹੱਥੀਂ ਨਾ ਵਿਕ ਜਾਵੀਂ
ਰੋਲ ਦੇਵੀਂ ਨਾ ਤਾਜ ਪੰਜਾਬੀਆਂ ਦਾ
ਭਾਰਤ ਦੇਸ਼ ਦੀ ਆਨ ਤੇ ਸ਼ਾਨ ਬਦਲੇ
ਵਾਰ ਦੇਵੀਂ ਤੂੰ ਆਪਣੀ, ਜਾਨ ਸਿੰਘਾਂ !
ਸ਼ੇਰੇ ਪੰਜਾਬ ਨੇ ਆਖਿਆ ਅੰਤ ਵੇਲੇ
ਗੱਲ ਧਿਆਨ ਨਾਲ ਸੁਣੀ, ਧਿਆਨ ਸਿੰਘਾਂ !

8.

ਫੁੱਟ ਖ਼ਾਤਰ ਕਈ ਕੌਮਾਂ ਨੇ ਖ਼ਤਮ ਹੋਈਆਂ
ਫੁੱਟ ਆਪਸ ਦੇ ਵਿੱਚ ਨਾ, ਪਾਈਂ ਸਿੰਘਾਂ !
ਸਿੱਖ / ਸਿੱਖ ਦੇ ਨਾਲ ਜੇ ਲੜੇ ਜੇਕਰ
ਦੋਹਾਂ ਧਿਰਾਂ ਨੂੰ ਬੈਠ, ਸਮਝਾਈ ਸਿੰਘਾਂ !
ਇੱਜ਼ਤ ਧੀਆਂ ਦੀ ਸਦਾ ਹੀ ਕਾਇਮ ਰੱਖੀਂ
ਧੀਆਂ ਦੇਸ਼ ਪੰਜਾਬ ਦੀ, ਸ਼ਾਨ ਸਿੰਘਾਂ !
ਸ਼ੇਰੇ ਪੰਜਾਬ ਨੇ ਆਖਿਆ ਅੰਤ ਵੇਲੇ
ਗੱਲ ਧਿਆਨ ਨਾਲ ਸੁਣੀ, ਧਿਆਨ ਸਿੰਘਾਂ !

9.

ਸਦਾ ਦੇਸ਼ ਦਾ ਬਣ ਕੇ ਰਹੀਂ ਸੇਵਕ
ਸੇਵਕ ਬਣ ਕੇ ਉਮਰ, ਗੁਜਾਰ ਦੇਵੀਂ!
ਸੇਵਕ ਬਣ ਗਰੀਬ ਨੂੰ ਗਲ ਲਾਵੀਂ
ਦਰ ਆਏ ਨੂੰ ਪਿਆਰ, ਸਤਿਕਾਰ ਦੇਵੀਂ!
ਫੇਰ ਕਰਨਗੇ ਸਿਫ਼ਤਾਂ ਤੇਰੀਆਂ ਨੂੰ
ਮੱਲ ਸਿੰਘ, ਗੁਰਸੇਵਕ, ਬਿਆਨ ਸਿੰਘਾਂ!
ਸ਼ੇਰੇ ਪੰਜਾਬ ਨੇ ਆਖਿਆ ਅੰਤ ਵੇਲੇ
ਗੱਲ ਧਿਆਨ ਨਾਲ ਸੁਣੀ, ਧਿਆਨ ਸਿੰਘਾਂ!

ਪ੍ਰਚਾਰ ਨੰ : 6

ਮਹਾਰਾਜਾ ਰਣਜੀਤ ਸਿੰਘ ਦੀਆਂ ਸਾਰੀਆਂ ਗੱਲਾਂ ਧਿਆਨ ਸਿੰਘ ਨੇ ਧਿਆਨ ਨਾਲ ਸੁਣੀਆਂ। ਕਪਟ ਨੀਤੀ ਅਨੁਸਾਰ ਧਿਆਨ ਸਿੰਘ ਡੋਗਰਾ ਮਹਾਰਾਜ ਸਾਹਿਬ ਨੂੰ ਕਹਿਣ ਲੱਗਾ।

ਧਿਆਨ ਸਿੰਘ ਨੇ ਆਖਿਆ ਸੁਣ ਉਏ ਸਰਦਾਰਾ
ਮੇਰੇ ਦਿਲ ਦੇ ਮਹਿਰਮਾਂ ਤੂੰ ਲੱਗੇ ਪਿਆਰਾ
ਤੇਰੇ ਬਾਝੋਂ ਮੁਝ ਦਾ ਨਾ ਕੋਈ ਸਹਾਰਾ
ਤੇਰੇ ਜੱਗੋਂ ਜਾਣ ਦਾ ਦੁੱਖ ਮੈਨੂੰ ਭਾਰਾ

ਵਿੱਚ ਚਿਖਾ ਦੇ ਸੜਾਂਗਾ ਦਿਲ ਕਰੇ ਹਮਾਰਾ
ਤੇਰੇ ਨਾਲ ਹੀ ਮਰਾਂਗਾ ਸੁਣ ਮੇਰੇ ਯਾਰਾ
ਸੌ ਆਨੇ ਸੱਚ ਬੋਲਦਾਂ ਨਾ ਲਾਵਾਂ ਲਾਰਾ
ਤੇਰੇ ਲੇਖੇ ਲਾ ਦਿਆਂ ਮੈਂ ਜੀਵਨ ਸਾਰਾ
ਤੇਰੇ ਬਾਝੋਂ ਮੁਝ ਦਾ ਸੁੰਨਾ ਸੰਸਾਰਾ
ਸੇਵਕ ਸਿੰਘਾਂ ! ਚੰਦ ਤੂੰ ! ਮੈਂ ਤੇਰਾ ਤਾਰਾ

ਧਿਆਨ ਸਿੰਘ ਡੋਗਰੇ ਨੇ ਆਖਿਆ ਮਹਾਰਾਜਾ ਸਾਹਿਬ ਮੇਰੇ ਪ੍ਰਾਣ ਤੁਹਾਡੇ ਪ੍ਰਾਣਾਂ ਵਿੱਚ ਵੱਸਦੇ ਹਨ। ਤੁਹਾਡੇ ਤੋਂ ਬਿਨਾਂ ਮੈਂ ਵੀ ਜਿਊਂਦਾ ਨਹੀਂ ਰਹਿ ਸਕਦਾ। ਮੈਂ ਤੁਹਾਡੇ ਨਾਲ ਚਿਖਾ ਵਿੱਚ ਹੀ ਸੜਕੇ ਮਰ ਜਾਂਵਾਗਾ। ਧਿਆਨ ਸਿੰਘ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਨਾਲ ਮਿੱਠੀਆਂ-ਮਿੱਠੀਆਂ ਗੱਲਾਂ ਜਿਵੇਂ ਕਰਦਾ ਹੈ। ਉਸ ਦਾ ਵੇਰਵਾ ਇਸ ਕਵਿਤਾ ਵਿੱਚ ਇਉਂ ਪੇਸ਼ ਕੀਤਾ ਜਾ ਰਿਹਾ ਹੈ।

ਪਾਉੜੀ - 6

1.
ਹੱਥ ਜੋੜ ਕੇ ਧਿਆਨ ਸਿੰਘ ਨੇ ਅਰਜ ਗੁਜਾਰੀ
ਮਹਾਰਾਜ ਜੀ ਤੁਸਾਂ ਨਾਲ ਹੈ ਮੁਝ ਦੀ ਯਾਰੀ
ਤੇਰੇ ਬਾਝੋਂ ਦਾਸ ਦਾ ਦਿਲ ਧੀਰ ਨਾ ਧਰਦਾ
ਵਿੱਚ ਚਿਖਾ ਦੇ ਸੜਾਂਗਾ ਦਿਲ ਮੇਰਾ ਕਰਦਾ

2.

ਚਰਨਾਂ ਦੇ ਵਿੱਚ ਰਹਿ ਕੇ ਸਾਰੀ ਉਮਰ ਗੁਜਾਰੀ
ਯਾਦ ਕਰੂਗਾ ਜੱਗ ਇਹ ਮੇਰੀ ਵਫ਼ਾਦਾਰੀ
ਪੈਦਾ ਕਰੂੰ ਮਿਸਾਲ ਮੈਂ ਹੁਣ ਮਰਦਾ ਮਰਦਾ
ਵਿੱਚ ਚਿਖਾ ਦੇ ਸੜਾਂਗਾ ਦਿਲ ਮੇਰਾ ਕਰਦਾ

3.

ਤੇਰੇ ਪਿੱਛੋਂ ਦੁਖੜੇ ਮੈਥੋਂ ਸਹਿ ਨਾ ਹੋਣੇ
ਦੁੱਖ ਹਜ਼ਾਰਾਂ ਜਿੰਦ ਨੂੰ ਜੋ ਕਹਿ ਨਾ ਹੋਣੇ
ਤੇਰੇ ਬਾਝੋਂ ਪਲ ਵੀ ਨਾ ਮੇਰਾ ਸਰਦਾ
ਵਿੱਚ ਚਿਖਾ ਦੇ ਸੜਾਂਗਾ ਦਿਲ ਮੇਰਾ ਕਰਦਾ

4.

ਮੇਰੇ ਸਿਰ ਅਹਿਸਾਨ ਨੇ ਤੇਰੇ ਮਹਾਰਾਜਾ
ਤੇਰੇ ਵਿੱਚ ਪ੍ਰਾਣ ਨੇ ਮੇਰੇ ਮਹਾਰਾਜਾ
ਤੈਥੋਂ ਹੋਜਾਂ ਦੂਰ ਨਾ ਮਨ ਮੇਰਾ ਡਰਦਾ
ਵਿੱਚ ਚਿਖਾ ਦੇ ਸੜਾਂਗਾ ਦਿਲ ਮੇਰਾ ਕਰਦਾ

5.

ਕਰਜ਼ ਆਪਦਾ ਆਪਣੇ ਮੈਂ ਸਿਰੋਂ ਚੁਕਾਵਾਂ
ਭਾਰ ਪਿਆ ਜੋ ਸਿਰ ਤੇ ਸਿਰ ਉਤੋਂ ਲਾਹਵਾਂ
ਬਣਕੇ ਰਹਾਂ ਹਮੇਸ਼ ਹੀ ਸੇਵਕ ਤੇਰੇ ਦਰ ਦਾ
ਵਿੱਚ ਚਿਖਾ ਦੇ ਸੜਾਂਗਾ ਦਿਲ ਮੇਰਾ ਕਰਦਾ

6.

ਤੇਰੇ ਬਾਝੋਂ ਸਾਂਈਆਂ ਦੁਨੀਆਂ ਨਾ ਭਾਉਂਦੀ
ਮਰਜਾਂ ਤੇਰੇ ਨਾਲ ਹੀ ਜਿੰਦ ਹੈ ਕੁਰਲਾਉਂਦੀ
ਤੈਨੂੰ ਜਾਂਦਾ ਵੇਖ ਕੇ ਮਨ ਹਾਉਕੇ ਭਰਦਾ
ਵਿੱਚ ਚਿਖਾ ਦੇ ਸੜਾਂਗਾ ਦਿਲ ਮੇਰਾ ਕਰਦਾ

7.

ਸੇਵਕ ਸਿੰਘਾਂ ! ਖੁਸ਼ੀ ਹੈ ਅੱਜ ਮੇਰੀ ਮੋਈ
ਤੈਨੂੰ ਜਾਂਦਾ ਵੇਖ ਕੇ ਜਿੰਦ ਜਾਵੇ ਰੋਈ
ਵਕਤ ਆ ਗਿਆ ਆਖਰੀ ਜੋ ਨਹੀਓ ਟਰਦਾ
ਵਿੱਚ ਚਿਖਾ ਦੇ ਸੜਾਂਗਾ ਦਿਲ ਮੇਰਾ ਕਰਦਾ

ਪ੍ਰਚਾਰ ਨੰ: 7

ਸ਼ੇਰੇ ਪੰਜਾਬ ਅੱਗੇ ਧਿਆਨ ਸਿੰਘ ਨੇ ਆਪਣੀ ਵਫ਼ਾਦਾਰੀ ਦਾ ਵਾਸਤਾ ਪਾਇਆ। ਕੁਝ ਚਿਰ ਮਗਰੋ ਉਦਾਸੀ ਛਾ ਗਈ। ਬੀਮਾਰੀ ਜ਼ੋਰ ਫੜ ਗਈ ਤੇ ਮਹਾਰਾਜਾ ਜੀ ਬੇਹੋਸ਼ ਹੋ ਗਏ। ਕੁਝ ਸਮੇਂ ਪਿੱਛੋਂ ਫੇਰ ਹੋਸ਼ ਆਈ, ਤਾਂ ਆਪ ਨੇ *ਕੋਹਿਨੂਰ ਹੀਰਾ ਤੇ ਕੁਝ ਹੋਰ ਜਵਾਹਰਾਤ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਭੇਟਾ ਕਰਨ ਦੀ ਇੱਛਾ ਪ੍ਰਗਟ ਕੀਤੀ, ਪਰ ਰਾਜਾ ਧਿਆਨ ਸਿੰਘ ਤੇ ਜਮਾਂਦਾਰ ਖੁਸ਼ਹਾਲ ਸਿੰਘ ਨੇ ਰੋਕ ਦਿੱਤਾ। ਮਹਾਰਾਜਾ ਰਣਜੀਤ ਸਿੰਘ ਨੂੰ ਇਸ ਮਗਰੋਂ ਫਿਰ ਬੀਮਾਰੀ ਦਾ ਦੌਰਾ ਪਿਆ ਤੇ ਮਹਾਰਾਜ ਬੇਸੁੱਧ ਹੋ ਗਏ । ਇਸ ਹਾਲਤ ਵਿੱਚ ਦਰਬਾਰ ਸਮਾਪਤ ਹੋਇਆ। ਮਹਾਰਾਜ ਜੀ ਦੀ ਹਾਲਤ ਦਿਨੋਂ ਦਿਨ ਖਰਾਬ ਹੁੰਦੀ ਗਈ। ਵੈਦਾਂ ਹਕੀਮਾਂ ਨੇ ਬਹੁਤ ਜ਼ੋਰ ਲਾਇਆ ਪਰ ਬੇਹੋਸ਼ੀ ਨਾ ਟੁੱਟੀ। ਆਖਰਕਾਰ ਹੋਣੀ ਮਹਾਰਾਜ ਉਤੇ ਹਾਵੀ ਹੋ ਗਈ। ਕਵੀ ਹੋਣੀ ਬਾਰੇ ਲਿਖਦਾ ਹੈ।

ਪੰਜ ਪਾਂਡਵ ਹਾਰ ਗਏ ਤੇ ਹਾਰੀ ਦਰੋਪਤੀ ਨਾਰ
ਹੋਣੀ ਅੱਗੇ ਹਾਰਿਆ ਸੀ ਨਲੂਆ ਸਰਦਾਰ

---

*(ਦਸਦੇ ਹਨ ਕਿ ਜਦ ਸ਼ਾਹ ਸੁਜਾਅ ਨੂੰ ਛੁਡਾ ਕੇ ਲਿਆਂਦਾ ਗਿਆ , ਤਾਂ ਸ਼ਾਹ ਜ਼ਮਾਨ ਨੇ ਬੜੀ ਕੋਸ਼ਿਸ਼ ਕੀਤੀ ਕਿ ਉਹ ਇਹ ਕੀਮਤੀ ਹੀਰਾ ਮਹਾਰਾਜਾ ਸਾਹਿਬ ਨੂੰ ਨਾ ਦੇਵੇ, ਪਰ ਇਹ ਕਿਵੇਂ ਹੋ ਸਕਦਾ ਸੀ? ਮਹਾਰਾਜੇ ਨੇ ਕਸ਼ਮੀਰ ਦੀ ਮੁਹਿੰਮ ਵਿਚ ਭਾਰੀ ਬਿਪਤਾ ਦਾ ਸਾਹਮਣਾ ਕੀਤਾ ਸੀ ਤੇ ਕੋਈ ਛੇ ਮਹੀਨੇ ਇਸ ਮੁਹਿੰਮ ਵਿੱਚ ਲੱਗ ਗਏ ਸਨ। ਹਜ਼ਾਰਾਂ ਫੌਜ਼ੀ ਮਾਰੇ ਗਏ ਤੇ ਬਾਕੀ ਦਾ ਖਰਚਾ ਵਖਰਾ ਸੀ, ਸੋ ਮਹਾਰਾਜਾ ਸਾਹਿਬ ਨੇ ਇਹ ਸਭ ਕੁਝ ਦੱਸ ਕੇ ਉਸਨੂੰ ਇਕਰਾਰ ਪੂਰਾ ਕਰਨ ਲਈ ਕਿਹਾ ਤੇ ਜਿਵੇਂ ਵੀ ਹੋਇਆ ਉਸ ਤੋਂ ਹੀਰਾ ਪ੍ਰਾਪਤ ਕਰ ਲਿਆ। ਦਸਦੇ ਹਨ ਕਿ ਇਕ ਵਾਰੀ ਕਿਸੇ ਨੇ ਮਹਾਰਾਜਾ ਸਾਹਿਬ ਤੋਂ ਪੁਛਿਆ ਕਿ ਇਸ ਦੀ ਕਿੰਨੀ ਕੁ ਕੀਮਤ ਹੋਵੇਗੀ, ਤਾਂ ਮਹਾਰਾਜਾ ਸਾਹਿਬ ਨੇ ਕਿਹਾ ਕਿ ਇਸ ਦੀ ਕੀਮਤ ਕੌਣ ਦੇ ਸਕਦਾ, ਇਸ ਦੀ ਅਸਲ ਕੀਮਤ ਤਾਂ ਜੁੱਤੀ ਹੈ, ਜਿਸ ਕੁਲ ਜੁੱਤੀ (ਤਾਕਤ) ਵੱਡੀ ਹੁੰਦੀ ਹੈ, ਉਹੀ ਇਸ ਨੂੰ ਪ੍ਰਾਪਤ ਕਰ ਲੈਂਦਾ ਹੈ, ਮੁਲ ਦੇ ਕੇ ਤਾਂ ਇਸ ਨੂੰ ਕਿਸੇ ਨੇ ਵੀ ਪ੍ਰਾਪਤ ਨਹੀਂ ਕੀਤਾ।)

ਹੋਣੀ ਖੋ ਕੇ ਲੈ ਗਈ ਕਈ ਯੋਧੇ ਸਿਪਾਸਲਾਰ
ਛੇ ਜਤੀ ਨੌਂ ਨਾਥਾਂ ਨੂੰ ਵੀ ਪਈ ਹੋਣੀ ਦੀ ਮਾਰ
ਸਿੱਧ ਚੌਰਾਸੀ ਹਾਰ ਗਏ ਤੇ ਹਾਰੇ ਮੁਨੀ ਅਵਤਾਰ
ਦੁਰਯੋਧਨ ਤੇ ਕਰਣ ਵੀ ਭੀਸ਼ਮ ਜਹੇ ਬਲਕਾਰ
ਅੱਜ ਹੋਣੀ ਅੱਗੇ ਹਾਰਿਆ ਰਣਜੀਤ ਸਿੰਘ ਸਰਦਾਰ
ਸੇਵਕ ਸਿੰਘਾਂ, ਓਸ ਤੇ ਆ ਹੋਣੀ ਕੀਤਾ ਵਾਰ

ਹੋਣੀ ਮਹਾਰਾਜਾ ਸ਼ੇਰੇ ਪੰਜਾਬ ਤੇ ਹਾਵੀ ਹੋ ਗਈ। ਅੰਤ ਉਹ ਸਮਾਂ ਆ ਗਿਆ ਜਿਸਨੇ ਕਿਸੇ ਤੋਂ ਵੀ ਨਹੀਂ ਟਲਨਾ। ਪੂਰਨਮਾਸ਼ੀ ਵੀਰਵਾਰ, 15 ਹਾੜ੍ਹ 1896 ਬਿ. (27 ਜੂਨ, 1839 ਈ:) ਅਜੇ ਛੇ ਘੜੀਆਂ ਸੂਰਜ ਖਲਾ ਸੀ ਜਾਂ 58 ਸਾਲ, 7 ਮਹੀਨੇ, 26 ਦਿਨ ਦੀ ਉਮਰ ਭੋਗ ਕੇ ਸ਼ੇਰੇ-ਪੰਜਾਬ ਸੁਰਗਵਾਸ ਹੋ ਗਏ।

ਮਹਾਰਾਜ ਦਾ ਵਿਛੋੜਾ ਕਿਵੇਂ ਪਿਆ ਇਉਂ ਬੇਨਤੀ ਕੀਤੀ ਜਾ ਰਹੀ ਹੈ।

ਵਾਰ: 7

ਜਦ ਮੋਇਆ ਸ਼ੇਰ ਪੰਜਾਬ ਦਾ
ਸੀ ਮੱਚੀ ਹਾਹਾਕਾਰ
ਇਹ ਜੋ ਧਰਤੀ ਦੇਸ਼ ਪੰਜਾਬ ਦੀ
ਸੀ ਰੋਈ ਭੁੱਬਾਂ ਮਾਰ
ਰੋਏ ਸਾਰੇ ਰਾਜੇ ਰਾਣੀਆਂ

ਜਦ ਮੁੱਕ ਗਿਆ ਸਰਦਾਰ
ਭੁੱਬਾਂ ਖੜਕ ਸਿੰਘ ਨੇ ਮਾਰੀਆਂ
ਗੱਲ ਹੋ ਗਈ ਵੱਸੋਂ ਬਾਹਰ
ਡੁੱਬਾ ਸੂਰਜ ਸੀ ਅੱਜ ਹਿੰਦ ਦਾ
ਪੂਰਬ ਵਿੱਚ ਹੋਇਆ ਅੰਧਿਆਰ
ਪੱਛਮ ਵਿੱਚ ਹਨੇਰਾ ਛਾ ਗਿਆ
ਹੋਇਆ ਸੁੰਨਾ ਸੀ ਸੰਸਾਰ
ਤੂੰਬਾਂ ਵੱਜਣੋਂ ਹੋਇਆ ਬੰਦ ਸੀ
ਗਈ ਟੁੱਟ ਤੂੰਬੇ ਦੀ ਤਾਰ
ਬੱਚਾ ਬੱਚਾ ਹੈਸੀ ਵਿਲਕਿਆ
ਤੇ ਵਿਲਕੇ ਸੀ ਨਰ ਨਾਰ
ਪੰਛੀ ਅੱਖੋਂ ਹੰਝੂ ਸੁੱਟ ਦੇ
ਤੇ ਰੋਂਦੇ ਜ਼ਾਰੋ ਜ਼ਾਰ
ਤੁਰੀ ਸ਼ੇਰ ਦੀ ਅੰਤਮ ਯਾਤਰਾ
ਆਈ ਕਿਲੇ ਦੇ ਵਿੱਚੋਂ ਬਾਹਰ
ਮਾਤਮ ਦਾ ਵਾਜਾ ਸੀ ਵੱਜਿਆ
ਗਈ ਉੱਡ ਸੀ ਖੁਸ਼ੀ ਬਾਹਰ
ਡੇਰਾ ਸਾਹਿਬ ਦੇ ਲਾਗੇ ਸ਼ੇਰ ਦੀ
ਸੀ ਕੀਤੀ ਚਿਖਾ ਤਿਆਰ
ਤੋਪਾਂ ਦਿੱਤੀ ਸਲਾਮੀ ਆਖਰੀ

ਸੀ ਗੋਲੇ ਸੁੱਟੇ ਬਾਹਰ
ਲੰਬੂ ਖੜਕ ਸਿੰਘ ਨੇ ਲਾਇ ਕੇ
ਕੀਤਾ ਸੀ ਅੰਤਮ ਸੰਸਕਾਰ
ਹੋਈਆਂ ਚਾਰ ਸਤੀ ਸੀ ਰਾਣੀਆਂ
ਸੱਤ ਗੋਲੀਆਂ ਹੋਈਆਂ ਤਿਆਰ
ਪਈਆਂ ਆਣ ਚਿਖਾਂ ਦੇ ਵਿੱਚ ਸੀ
ਜਲ ਮਰੀਆਂ ਆਖਰਕਾਰ
ਜੋੜਾ ਇੱਕ ਕਬੂਤਰ ਆਣ ਕੇ
ਡਿੱਗਾ ਆਣ ਚਿਖਾ ਵਿਚਕਾਰ
ਨਾਲੇ ਸੜ ਗਏ ਭਾਗ ਪੰਜਾਬ ਦੇ
ਕਹੇ ਸੇਵਕ ਸਿੰਘ ! ਉਚਾਰ
ਕਹੇ ਸੇਵਕ ਸਿੰਘ ! ਉਚਾਰ

ਪ੍ਰਚਾਰ ਨੰ: 8

ਮਹਾਰਾਜਾ ਰਣਜੀਤ ਸਿੰਘ ਨੇ ਸਰੀਰ ਤਿਆਗ ਦਿੱਤਾ। ਹਾਹਾਕਾਰ ਮੱਚ ਗਈ। ਕਵੀ ਲਿਖਦਾ ਹੈ ।

ਮੋਇਆ ਸ਼ੇਰ ਪੰਜਾਬ ਦਾ ਧਰਤੀ ਕੁਰਲਾਈ
ਰੋਏ ਰਾਜੇ ਰਾਣੀਆਂ ਮੱਚ ਗਈ ਦੁਹਾਈ
ਭੁੱਬਾਂ ਮਾਰੇ ਖੜਕ ਸਿੰਘ ਜਦ ਪਈ ਜੁਦਾਈ
ਸੂਰਜ ਡੁੱਬਾ ਹਿੰਦ ਦਾ ਮੁੱਕ ਗਈ ਰੁਸ਼ਨਾਈ
ਦੱਖਣ ਵਿੱਚ ਹਨੇਰ ਸੀ ਉੱਤਰ ਸੁੰਨ ਛਾਈ
ਪੂਰਬ ਪੱਛਮ ਹਿੱਲਿਆ ਰੋਏ ਮਾਈ ਭਾਈ
ਸੇਵਕ ਸਿੰਘਾਂ ! ਪੰਜਾਬ ਦੀ ਕਾਇਆ ਕੁਮਲਾਈ

ਸਿੱਖਾਂ ਦਾ ਸੂਰਜ ਛਿਪ ਗਿਆ। ਦੁਸ਼ਮਣਾਂ ਦੇ ਘਰਾਂ ਵਿੱਚ ਘਿਓ ਦੇ ਦੀਵੇ ਬਲੇ। ਜਦੋਂ ਪੰਜਾਬ ਦਾ ਬੱਚਾ - ਬੱਚਾ ਰੋ ਰਿਹਾ ਸੀ। ਉਦੋਂ ਵਿਰੋਧੀ ਖੁਸ਼ੀਆਂ ਮਨਾ ਰਹੇ ਸਨ। ਸ਼ਾਇਰ ਲਿਖਦਾ ਹੈ।

''ਹੰਸਤਾ ਹੈ ਗੁਲ ਚਮਨ ਮੇਂ ਤੋ ਨਾਲਾ ਹੈ ਅੰਦਲੀਬ''
''ਦੋ ਦਿਲ ਖੁਸ਼ੀ ਦਾ ਦੇਖੇ ਕਭੀ ਇਸ ਜਹਾ ਕੇ ਬੀਚ''

ਗੁਰਦਵਾਰਾ ਡੇਰਾ ਸਾਹਿਬ ਦੇ ਲਾਗੇ ਚੰਨਣ ਦੀ ਚਿਖਾ ਤਿਆਰ ਕੀਤੀ ਗਈ। ਕਿਲੇ ਵਿੱਚੋਂ ਸ਼ੇਰ ਦਾ ਅੰਤਮ ਜਨਾਜਾ ਨਿਕਲਿਆ। ਮਾਤਮ ਦਾ ਵਾਜਾ ਵੱਜਿਆ। ਚਾਰ ਰਾਣੀਆਂ ਸੱਤ ਗੋਲੀਆਂ ਨਾਲ ਸਤੀ ਹੋਣ ਵਾਸਤੇ ਤਿਆਰ ਹੋਈਆਂ ਤੇ ਚਿਖਾ ਦੇ ਦੁਆਲੇ ਬੈਠ ਗਈਆਂ। ਮਹਾਰਾਜਾ ਖੜਕ

ਸਿੰਘ ਨੇ ਆਪਣੇ ਹੱਥੀਂ ਪਿਤਾ ਦੇ ਸਰੀਰ ਨੂੰ ਲੰਬੂ ਲਾਇਆ। ਅੱਗ ਦੀ ਲਾਟ ਦੇ ਨਾਲ ਹੀ ਪੰਜਾਬ ਦੀ ਧਰਤੀ ਨੇ ਇੱਕ ਧਾਹ ਮਾਰੀ, ਜੋ ਲੱਖਾਂ ਦਿਲਾਂ ਨੂੰ ਚੀਰਦੀ ਹੋਈ ਨਿਕਲ ਗਈ। ਮੱਚਦੀ ਅੱਗ ਵਿੱਚ ਇੱਕ ਕਬੂਤਰਾਂ ਦਾ ਜੋੜਾ ਆ ਪਿਆ ਤੇ ਨਾਲ ਹੀ ਆਪਣੀ ਆਹੂਤੀ ਪਾ ਗਿਆ।

(ਰਾਜਾ ਧਿਆਨ ਸਿੰਘ ਡੋਗਰਾ ਜੋ ਇਸ ਸਮੇਂ ਆਪਣੇ ਆਪ ਨੂੰ ਸਿੱਖ ਰਾਜ ਦਾ ਬੜਾ ਹਿਤੂ ਤੇ ਆਗਿਆਕਾਰੀ ਪ੍ਰਗਟ ਕਰ ਰਿਹਾ ਸੀ, ਇਸ ਬੇਦਰਦ ਨੇ ਮਹਾਰਾਜੇ ਦੇ ਅੱਖਾਂ ਮੀਟਦਿਆਂ ਹੀ ਆਪਣੀਆਂ ਅੱਖਾਂ ਬਦਲ ਲਈਆਂ। ਉਸ ਨੇ ਮਨ ਵਿਚ ਖਾਲਸਾ ਰਾਜ ਤੇ ਕਬਜ਼ਾ ਕਰਨ ਦਾ ਇਰਾਦਾ ਬਣਾ ਲਿਆ। ਇਸ ਨੇ ਤਿੰਨ ਮਹੀਨੇ ਪਿੱਛੋਂ ਹੀ ਸ਼ਾਹਜ਼ਾਦਾ ਖੜਕ ਸਿੰਘ ਨੂੰ ਬੀਮਾਰ ਬਣਾ ਕੇ ਗੱਦੀਓਂ ਲਾਹ ਦਿੱਤਾ ਤੇ 9 ਮਹੀਨੇ ਪਿੱਛੋਂ ਖਤਮ ਕਰ ਦਿੱਤਾ। ਕੰਵਰ ਨੌਨਿਹਾਲ ਸਿੰਘ ਨੂੰ ਵੀ ਨਾਲ ਹੀ ਖਤਮ ਕਰ ਦਿੱਤਾ। ਇਸ ਭਿਅੰਕਰ ਖੂਨੀ ਕਾਂਡ ਦਾ ਸ਼ਿਕਾਰ ਇਹ ਆਪ ਤੇ ਇਸ ਦਾ ਪੁੱਤਰ ਵੀ ਹੋ ਗਿਆ। ਫਿਰ ਇਸ ਦੇ ਭਰਾ ਰਾਜਾ ਗੁਲਾਬ ਸਿੰਘ, ਤੇਜਾ ਸਿੰਘ ਤੇ ਲਾਲ ਸਿੰਘ ਡੋਗਰਿਆ ਦੇ ਹੱਥ ਸਿੱਖ ਰਾਜ ਆ ਗਿਆ, ਜਿਨ੍ਹਾਂ ਨੇ ਪੁੱਜ ਕੇ ਸਿੱਖਾਂ ਤੇ ਸਿੱਖ ਰਾਜ ਨਾਲ ਗਦਾਰੀ ਕੀਤੀ ਤੇ ਖਾਲਸਾ ਰਾਜ ਦੇ ਜਾਣ ਨਾਲ ਸਿੱਖਾਂ ਤੇ ਜੋ ਮੁਸੀਬਤਾਂ ਆਈਆਂ ਉਸ ਦਾ ਕੋਈ ਕੀ ਵਰਣਨ ਕਰ ਸਕਦਾ ਹੈ।)

ਰਾਜਾ ਧਿਆਨ ਸਿੰਘ ''ਵਜ਼ੀਰ'' ਚਿਖਾ ਵਿੱਚ ਛਾਲ ਮਾਰਨ ਵਾਸਤੇ ਦੌੜਦਾ ਤੇ ਉਹਦਾ ਵੱਡਾ ਭਰਾ ਰਾਜਾ ਗੁਲਾਬ ਸਿੰਘ ਉਹ ਨੂੰ ਫੜ ਲੈਂਦਾ। ਏਸੇ ਤਰ੍ਹਾਂ ਤਿੰਨ ਵਾਰ ਹੋਇਆ ਧਿਆਨ ਸਿੰਘ ਕਹਿੰਦਾ ਸੀ, ''ਮੈਂ ਇਹ ਵਿਛੋੜਾ ਨਹੀਂ ਸਹਾਰ ਸਕਦਾ। ਮੈਂ ਆਪਣੇ ਮਾਲਕ ਨਾਲ ਸਤੀ ਹੋ ਜਾਣਾ ਹੈ।'' ਗੁਲਾਬ ਸਿੰਘ ਉਸ ਨੂੰ ਫੜ ਲੈਂਦਾ ਤੇ ਕਹਿੰਦਾ, ''ਧਿਆਨ ਸਿੰਘਾਂ! ਜੇ ਤੂੰ ਸੜ ਮਰਿਓਂ, ਤਾਂ - ਤੇਰੇ ਬਿਨਾਂ - ਪੰਜਾਬ ਦਾ ਰਾਜ ਕਿਸੇ

ਸੰਭਾਲਣਾ ਨਹੀਂ ਹੈ। ਮਗਰ ਉਸਦਾ ਅਸਲੀ ਭਾਵ ਸੀ , ''ਧਿਆਨ ਸਿੰਘਾਂ! ਜੇ ਤੂੰ ਸੜ ਮਰਿਓਂ, ਤਾਂ ਤੇਰੇ ਬਿਨਾਂ - ਪੰਜਾਬ ਦਾ ਰਾਜ ਬਰਬਾਦ ਕਿਸੇ ਨਹੀਂ ਕਰਨਾ।'' ਮਹਾਰਾਜਾ ਰਣਜੀਤ ਸਿੰਘ ਦੀ ਮੌਤ ਕਿੰਨੀ ਦੁਖਦਾਈ ਸੀ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ।

ਅਵਰੀ ਉਦਾਸ ਬਾਈ ਮੋਚਤਾ ਅਕਾਸ਼ ਛਾਈ
ਕਰਨਾ ਦੁਖ ਦੀਨ ਤਾਈ ਪੁਰਗੋਂ ਮਹਾਨੇ ਕੀ
ਅੰਧ ਧੁੰਦ ਹਾਹਾ ਕਾਰ ਪਰਗੋ ਅਪਾਰ ਭਾਰ
ਕੌਨ ਲੈ ਹੈ ਸਾਰ ਆਜ ਪਰਜਾ ਬਸਾਨੇ ਕੀ
ਕੌਨ ਦਿਜ ਦੀਨਨ ਪ੍ਰਬੀਨਨ ਕੀ ਪੂਰੈ ਆਸ
ਕੌਨ ਧਰੈ ਟੇਕ ਗੁਰੂ ਗ੍ਰੰਥ ਪੰਥ ਬਾਨੇ ਕੀ
ਧਰਮ ਧ੍ਵਜਾ ਟੂਟ ਗਈ ਕਰਮ ਰੇਖ ਫੂਟ ਗਈ
ਛੂਟ ਗਈ ਬੀਰ ਤਮਾਮ ਹਿੰਦਵਾਨੇ ਕੀ

ਮਹਾਰਾਜੇ ਦੇ ਅੰਤਮ ਸਮੇਂ ਮਹਾਰਾਜੇ ਦੇ ਪੁੱਤਰ ਸ: ਖੜਕ ਸਿੰਘ , ਸ: ਸ਼ੇਰ ਸਿੰਘ, ਤਾਰਾ ਸਿੰਘ, ਮੁਲਤਾਨ ਸਿੰਘ, ਕਸ਼ਮੀਰਾ ਸਿੰਘ, ਪਿਸ਼ੌਰਾ ਸਿੰਘ ਤੇ ਸਵਾ ਸਾਲ ਦਾ ਸ: ਦਲੀਪ ਸਿੰਘ ਰਾਣੀ ਜ਼ਿੰਦਾ ਦੀ ਗੋਦ ਵਿੱਚ ਖੜੇ ਇਸ ਕਰੁਣਾ-ਮਈ ਰੰਗ ਵਿੱਚ ਪਰੋਤੇ ਹੋਏ ਅੱਖੀਆਂ ਵਿੱਚੋਂ ਨੀਰ ਵਹਾ ਰਹੇ ਸਨ। ਮਹਾਰਾਜੇ ਦਾ ਹੌਲੀ ਹੌਲੀ ਸਿਵਾ ਠੰਢਾ ਹੋ ਗਿਆ। ਸ਼ੇਰੇ ਪੰਜਾਬ ਨਹੀਂ ਰਿਹਾ ਪਰ ਉਸਦਾ ਨਾਮ ਤੇ ਉਸਦੀਆਂ ਯਾਦਾਂ ਬਾਕੀ ਹਨ। ਜੋ ਸਦਾ ਹੀ ਸੰਸਾਰ ਤੇ ਰਹਿਣਗੀਆਂ।

ਗੀਤ ਛੰਦ 8

1.

ਜਿਸਦੇ ਆਸਰੇ ਦੇਸ਼ ਪੰਜਾਬ ਦੇ ਲੋਕੀਂ ਜਿਊਂਦੇ ਸੀ
ਸ਼ੇਰ ਪੰਜਾਬ ਦਾ ਸੌਂ ਗਿਆ ਲੋਕੋ ਗਹਿਰੀ ਨੀਂਦੇ ਸੀ
ਹੰਝੂਆਂ ਦੇ ਨਾਲ ਭਿੱਜੀਆਂ ਅੱਖਾਂ ਭਰ ਭਰ ਵਹਿਣਗੀਆਂ
ਮਹਾਰਾਜਾ ਰਣਜੀਤ ਸਿੰਘ ਦੀਆਂ ਯਾਦਾਂ ਰਹਿਣਗੀਆਂ

2.

ਨੇਕ ਈਰਾਦੇ ਰੱਖੇ ਕੀਤੀ ਨੇਕ ਕਮਾਈ ਸੀ
ਸੱਚ ਦੀ ਰਾਹੇ ਤੁਰਿਆ ਸੱਚਾ ਸੰਤ ਸਿਪਾਹੀ ਸੀ
ਉਹ ਮਰਕੇ ਵੀ ਨਾ ਮਰਿਆ ਇਹ ਤਵਾਰੀਖਾਂ ਕਹਿਣਗੀਆਂ
ਮਹਾਰਾਜਾ ਰਣਜੀਤ ਸਿੰਘ ਦੀਆਂ ਯਾਦਾਂ ਰਹਿਣਗੀਆਂ

3.

ਦਿਲ ਦਾ ਬਹੁਤ ਦਲੇਰ ਹੌਂਸਲੇ ਵਾਂਗ ਚੱਟਾਨਾਂ ਦੇ
ਵੈਰੀ ਦਲ ਦੇ ਉਤੇ ਚੜਦਾ ਵਾਂਗ ਤੂਫ਼ਾਨਾਂ ਦੇ
ਕਾਬਲ ਅਤੇ ਕੰਧਾਰ ਚੁ ਧੁੰਮਾਂ ਅੱਜ ਵੀ ਪੈਣਗੀਆਂ
ਮਹਾਰਾਜਾ ਰਣਜੀਤ ਸਿੰਘ ਦੀਆਂ ਯਾਦਾਂ ਰਹਿਣਗੀਆਂ

4.

ਜਿੱਥੇ ਜਾਂਦਾ ਅਟਕ ਤੇ ਅਟਕਾਂ ਨੂੰ ਅਟਕਾਂ ਲੈਂਦਾ
ਸੂਰਜ ਉਸਦੇ ਤੇਜ ਦੇ ਅੱਗੇ ਸੀਸ ਨਿਵਾ ਲੈਂਦਾ
ਸਮੇਂ ਦੀਆਂ ਸਰਕਾਰਾਂ ਨਾ ਉਸ ਸ਼ੇਰ ਦਾ ਲੈਣਗੀਆਂ
ਮਹਾਰਾਜਾ ਰਣਜੀਤ ਸਿੰਘ ਦੀਆਂ ਯਾਦਾਂ ਰਹਿਣਗੀਆਂ

5.

ਅੱਗੇ ਕੋਈ ਨਾ ਖੜਦਾ ਜਦ ਤਲਵਾਰ ਚਲਾਉਂਦਾ ਸੀ
ਫ਼ਤਿਹ ਕਦਮ ਸੀ ਚੁੰਮਦੀ ਵੈਰੀ ਤਾਂਈ ਹਰਾਉਂਦਾ ਸੀ
ਉਸਦੇ ਹੌਂਸਲੇ ਅੱਗੇ ਜੁਲਮੀਂ ਕੰਧਾਂ ਢਹਿਣਗੀਆਂ
ਮਹਾਰਾਜਾ ਰਣਜੀਤ ਸਿੰਘ ਦੀਆਂ ਯਾਦਾਂ ਰਹਿਣਗੀਆਂ

6.

ਕਿਸਮਤ ਉਸ ਦੇ ਆਖੇ ਲੱਗਕੇ ਕੰਮ ਸਭ ਕਰਦੀ ਸੀ
ਗੰਗਾ ਜਮਨਾ ਸਰਸਵਤੀ ਉਹਦਾ ਪਾਣੀ ਭਰਦੀ ਸੀ
ਚੇਤੇ ਉਸਨੂੰ ਕਰਨ ਇਹ ਨਦੀਆਂ ਜਦ ਵੀ ਵਹਿਣਗੀਆਂ
ਮਹਾਰਾਜਾ ਰਣਜੀਤ ਸਿੰਘ ਦੀਆਂ ਯਾਦਾਂ ਰਹਿਣਗੀਆਂ

7.

ਜਦੋਂ ਲਾਹੋਰੋਂ ਚੱਲ ਕੇ ਹਵਾ ਪੰਜਾਬ ਚੁ ਆਉਂਦੀ ਆ

ਮਰਦ ਦਲੇਰ ਬਹਾਦਰ ਦੀ ਉਹ ਯਾਦ ਦਿਵਾਉਂਦੀ ਆ

ਸੇਵਕ ਸਿੰਘਾਂ ! ਰੋ ਰੋ ਜਿੰਦਾਂ ਹੌ ਕੇ ਲੈਣਗੀਆਂ

ਮਹਾਰਾਜਾ ਰਣਜੀਤ ਸਿੰਘ ਦੀਆਂ ਯਾਦਾਂ ਰਹਿਣਗੀਆਂ



ਮੋਇਆ ਸ਼ੇਰ ਪੰਜਾਬ ਦਾ ਧਰਤੀ ਕੁਰਲਾਈ
ਰੋਏ ਰਾਜੇ ਰਾਣੀਆਂ ਮੱਚ ਗਈ ਦੁਹਾਈ
ਭੁੱਬਾਂ ਮਾਰੇ ਖੜਕ ਸਿੰਘ ਜਦ ਪਈ ਜੁਦਾਈ
ਸੂਰਜ ਡੁੱਬਾ ਹਿੰਦ ਦਾ ਮੁੱਕ ਗਈ ਰੁਸ਼ਨਾਈ
ਦੱਖਣ ਵਿੱਚ ਹਨੇਰ ਸੀ ਉੱਤਰ ਸੁੰਨ ਛਾਈ
ਪੂਰਬ ਪੱਛਮ ਹਿੱਲਿਆ ਰੋਏ ਮਾਈ ਭਾਈ
ਸੇਵਕ ਸਿੰਘਾਂ! ਪੰਜਾਬ ਦੀ ਕਾਇਆ ਕੁਮਲਾਈ



ਕਵੀਸ਼ਰ ਗੁਰਸੇਵਕ ਸਿੰਘ ਢਿਲੋਂ ਤੇ ਸਾਥੀ